# ਅੰਮ੍ਰਿਤ ਕੀਰਤਨ



Guru Nanak Dev with his faithful disciples Mardana (with rabaab) and Bala



Saranda, invented by
Sri Guru Hargobind Sahib



Taaoos, successor to the Saranda


ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

■

ਮਈ 2000

ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

■ ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

■ ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

■ ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਜੋਤਿੰਦਰ ਸਿੰਘ**
**ਸ. ਉੱਤਮ ਸਿੰਘ**

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
1246, (1st. ਫਲੋਰ) ਸੈਕਟਰ 22-ਬੀ, ਚੰਡੀਗੜ੍ਹ
ਫੋਨ: 0172 - 701396, 713915



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐਸ ਸੀ ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Layout: *sohal specials* (Pager: 9610408677)

ਅੰਕ 5 ◆ ਸਾਲ ਬਾਰ੍ਹਵਾਂ ◆ ਮਈ 2000



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਗੁਰੂ ਰਾਮ ਦਾਸ ਜੀ ਦੀ ਬਾਣੀ ਦੀ ਪ੍ਰਗੀਤਾਤਮਕਤਾ
■ ਪ੍ਰੋ. ਚਾਨਣ ਸਿੰਘ ਨਿਰਮਲ

9 ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ
ਤੇ ਜਨ ਸੁਘੜ ਸਿਆਣੇ॥ ■ ਸ੍ਰ. ਬਲਵਿੰਦਰ ਸਿੰਘ

11 ਸਿਮਰਨ-ਸਮਾਧੀ ਤੇ ਸੰਗੀਤ ■ ਪਿਆਰਾ ਸਿੰਘ ਪਦਮ

13 ਗੁਰਮਤ ਸੰਗੀਤ ਪਰੰਪਰਾ : ਇੱਕ ਅਧਿਐਨ
■ ਡਾ. ਜਸਬੀਰ ਕੌਰ

17 ਅਖੰਡ ਪਾਠ ■ ਸੋਹਿੰਦਰ ਸਿੰਘ ਵਣਜਾਰਾ ਬੇਦੀ

18 ਪੁਸਤਕ ਸਮੀਖਿਆ ■ ਡਾ. ਗੁਰਮੀਤ ਸਿੰਘ ਬੈਦਵਾਣ

22 ਕੈਸਟ ਸਮੀਖਿਆ ■ ਭਾਈ ਅਵਤਾਰ ਸਿੰਘ 'ਹੰਸ'

24 Gurmat Sangeet ■ Bhayee Sikandar Singh

34 ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ■ ਮਨਮੋਹਨ ਸਿੰਘ

35 ਸੁਰ ਲਿਪੀਆਂ ■ ਪ੍ਰਿੰਸੀਪਲ ਦਿਆਲ ਸਿੰਘ


**Cover Sketch:**

*Courtesy*: 'NISHAAN' Published by The Nagarra Trust


## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ ਪਿਛਲੇ ਛੇ ਮਹੀਨੇ ਤੋਂ 'ਅੰਮ੍ਰਿਤ ਕੀਰਤਨ' ਦਾਸ ਨੂੰ ਮਿਲ ਰਿਹਾ ਹੈ। ਧਾਰਮਿਕ ਲੇਖ ਉਚਕੋਟੀ ਦੇ ਹੁੰਦੇ ਹਨ। ਇਸ ਵਾਰੀ ਜੋ ਨਵਾਂ ਸਤੰਭ 'ਆਉ ਤਬਲਾ ਸਿੱਖੀਏ' ਸ਼ੁਰੂ ਕੀਤਾ ਸਰਾਹਣੀਯ ਹੈ। ਤਬਲੇ ਤੋਂ ਬਿਨਾਂ ਕੀਰਤਨ ਅਤੇ ਸੰਗੀਤ ਅਧੂਰਾ ਹੈ। ਮੈਂ 'ਸੰਗੀਤ' ਜੋ ਹਾਥਰਸ ਤੋਂ ਹਿੰਦੀ ਵਿੱਚ ਨਿਕਲਦਾ ਹੈ ਉਸਨੂੰ ਲਾਇਬ੍ਰੇਰੀ ਜਾ ਕੇ ਪੜ੍ਹਦਾ ਹਾਂ। ਉਹ ਸੰਗੀਤ ਦੇ ਹਰ ਛੇਤ੍ਰ ਨੂੰ ਜਗ੍ਹਾ ਦੇਂਦੇ ਹਨ। ਅੰਮ੍ਰਿਤ ਕੀਰਤਨ ਵਿੱਚ ਕੀਰਤਨ ਦੇ ਹਰ ਛੇਤ੍ਰ ਨੂੰ ਜਗਾ ਮਿਲਣੀ ਚਾਹੀਦੀ ਹੈ। ਚੰਗੇ ਰਾਗੀ, ਚੰਗੇ ਤਬਲਾ ਵਾਦਕ, ਤੰਤੀ ਸਾਜ਼ ਜੋ ਕੀਰਤਨ ਵਿੱਚ ਪ੍ਰਯੁਕਤ ਹੁੰਦੇ ਹਨ। ਇੱਕ ਮਹੀਨੇ ਵਿੱਚ ਇੱਕ ਸਵਰ ਲਿਪੀ ਵਿਦਿਆਰਥੀ ਜੋ ਨਵੇ ਹਨ ਉਹਨਾਂ ਲਈ ਤਾਂ ਠੀਕ ਹੈ ਪ੍ਰੰਤੂ ਜੋ ਪੁਰਾਣੇ ਵਿਦਿਆਰਥੀ ਹਨ ਉਹਨਾਂ ਲਈ ਇਹ ਕੋਟਾ ਘਟ ਹੈ। ਹਰ ਵਾਰੀ ਤਬਲੇ ਬਾਰੇ ਕੁਝ ਨ ਕੁਝ ਜੇ ਹੋ ਸਕੇ ਤਾਂ ਦੇਣਾ ਚਾਹੀਦਾ ਹੈ। ਕੀਰਤਨ ਸਿੱਖਣ ਦੇ ਕੇ 'ਦਰ ਖਾਸ ਕਰਕੇ ਜੋ ਸੇਵਾ ਭਾਵ ਨਾਲ ਸੁਸਾਇਟੀਆਂ ਚਲਾਂਦੀਆਂ ਹਨ ਉਹਨਾਂ ਦਾ ਜ਼ਿਕਰ ਵੀ ਹੋਵੇ ਤਾਂ ਹੋਰ ਵੀ ਚੰਗੀ ਗਲ ਹੈ। ਆਪ ਦਾ ਜਿਤਨਾ ਧੰਨਵਾਦ ਕੀਤਾ ਜਾਵੇ ਥੋਹੜਾ ਹੈ। ਉਦਮ ਬਹੁਤ ਅੱਛਾ ਹੈ।

*- ਡਾ. ਗਿਆਨੀ ਚੇਤ ਸਿੰਘ*

R2-4B ਰਵੀ ਨਗਰ ਐਕਟੇਨਸ਼ਨ ਧਰਮਪੁਰੀ (ਖਿਆਲਾ)
ਨਵੀਂ ਦਿੱਲੀ 8

★ 'ਅੰਮ੍ਰਿਤ ਕੀਰਤਨ' ਪੜ੍ਹਿਆ। ਵਧੀਆ ਮੈਗਜ਼ੀਨ ਹੈ। ਮੈਂ ਬੀ. ਏ. (ਵਿਸ਼ਾਰਦ) ਕੀਤੀ ਹੋਈ ਹੈ। ਇਸ ਵੇਲੇ ਕੋਈ ਨੌਕਰੀ ਨਹੀਂ ਮਿਲ ਰਹੀ। ਚੰਦਾ ਨਹੀਂ ਭੇਜ ਸਕਦਾ ਇੱਕ ਸਾਲ ਲਈ ਮੈਗਜ਼ੀਨ ਮੁਫਤ ਭੇਜਣ ਦੀ ਕਿਰਪਾ ਕਰੋ।

*- ਮਾਸਟਰ ਰਾਜਿੰਦਰ ਸਿੰਘ*

ਹੈਬਤ ਪੁਰ ਸੁਲਤਾਨਪੁਰ ਲੋਧੀ, ਜਿਲ੍ਹਾ ਕਪੂਰਥਲਾ

★ ਦਾਸ ਇੱਕ ਗਰੀਬ ਤੇ ਮੁਫਲਸ ਬੰਦਾ ਹੈ। ਮੈਨੂੰ ਕੀਰਤਨ ਨਾਲ ਪਿਆਰ ਹੈ ਪਰ ਥੋੜੀ ਜਿਹੀ ਕਮੀ ਹੈ ਕਿ ਕਸ਼ਮੀਰ ਵਿੱਚ ਗਰੀਬੀ ਨੇ ਲੋਕਾਂ ਦੀ ਕਮਰ ਤੋੜ ਦਿੱਤੀ ਹੈ। ਮਜ਼ਦੂਰੀ ਆਦਿ ਵੀ ਨਹੀਂ ਮਿਲਦੀ ਕਿਉਂਕਿ ਮਿਲੀਟੈਂਸੀ ਜ਼ੋਰਾਂ ਤੇ ਹੈ। ਕੀ ਕਰੀਏ ਸਰਮਾਇਆਦਾਰ ਲੋਕਾਂ ਦੇ ਬੱਚੇ ਬੱਚੀਆਂ ਨੂੰ ਨੌਕਰੀ ਮਿਲਦੀ ਹੈ ਪਰ ਗਰੀਬਾਂ ਨੂੰ ਕੋਈ ਨਹੀਂ ਪੁੱਛਦਾ।

ਤਿੰਨ ਲੜਕੀਆਂ ਤੇ ਇੱਕ ਲੜਕਾ ਹੈ। ਲੜਕਾ B.A. ਪਾਸ ਕਰਕੇ ਘਰ ਵਿੱਚ ਬੇਕਾਰ ਬੈਠਾ ਹੈ। ਕੋਈ ਰੋਜ਼ਗਾਰ ਨਹੀਂ ਤੇ ਨਾ ਹੀ ਕੋਈ ਕਸ਼ਮੀਰ ਵਿੱਚ ਗਰੀਬ ਨੂੰ ਪੁੱਛਦਾ ਹੈ। ਮੇਰੀਆਂ ਬੱਚੀਆਂ ਵੀ ਗੁਰਬਾਣੀ ਦੀ ਅਤੀ ਰਸੀਆਂ ਹਨ ਪਰ ਵਿਆਹ ਤੋਂ ਬਗੈਰ ਘਰ ਵਿੱਚ ਹਨ। ਕਿਉਂਕਿ ਕੋਈ ਸਾਧਨ ਨਹੀਂ, ਆਮਦਨ ਨਹੀਂ ਕੀ ਕਰਾਂ ਅਤੀ ਤੰਗ ਹਾਂ। ਇਸ ਬੁੱਢਾਪੇ ਵਿੱਚ ਦਿਲ ਕਰਦਾ ਹੈ ਕਿ ਸਿਰ ਤੋਂ ਭਾਰ ਉਤਾਰਾਂ ਪਰ ਕੀ ਕਰਾਂ ਕੁਝ ਉਪਾਏ ਦੱਸੋ। ਜੇ ਹੋ ਸਕਦਾ ਹੈ ਮੇਰੇ ਤੇ ਰਹਿਮ ਖਾਉ। ਮੇਰੇ ਲੜਕੇ ਨੂੰ ਕਿਸੇ ਮਹਿਕਮੇ ਵਿੱਚ ਰੋਜਗਾਰ ਦੁਵਾਉ ਕਿਸੇ ਬੈਂਕ ਵਿੱਚ ਜਾਂ ਕਿਸੇ ਵੀ ਮਹਿਕਮੇ ਵਿੱਚ।

*- ਗਰੀਬ ਸਿੰਘ*

ਪਿੰਡ ਸੁਰਗਸੂ, ਡਾਕ ਮਟਨ 192125 (ਕਸ਼ਮੀਰ)

★ ਆਪ ਜੀ ਦਾ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਘਰ ਵਿੱਚ ਪਹੁੰਚਿਆ ਅਤੇ ਪੜ੍ਹਿਆ। ਇਹ ਬਹੁਤ ਹੀ ਅੱਛਾ ਮਾਸਿਕ ਪੱਤਰ ਹੈ। ਇੱਕ ਇੱਕ ਸਫਾ ਗਿਆਨ ਨਾਲ ਸ਼ਰਸ਼ਾਰ ਹੈ। ਮੈਨੂੰ ਬਹੁਤ ਅੱਛਾ ਲੱਗਿਆ ਹੈ।

ਪਰਿਵਾਰਕ ਸੰਕਟ ਬਹੁਤ ਵੱਡੇ ਅਤੇ ਗਹਿਰੇ ਹੋਣ ਕਾਰਣ ਮੈਂ ਆਪ ਜੀ ਦੇ ਟ੍ਰਸਟ ਵਿੱਚ ਸੇਵਾ ਮਾਸਿਕ ਪੱਤਰ ਲਈ ਨਹੀਂ ਭੇਜ ਸਕਦਾ ਹਾਂ। ਕਿਰਪਾ ਕਰਕੇ ਦਾਸ ਨੂੰ ਇੱਕ ਸਾਲ ਲਈ ਮਾਸਿਕ ਪੱਤਰ ਭੇਜਦੇ ਰਹਿਣਾ ਜੀ।

*- Harbhajan Singh*

48, Behind Ram Darbar Temple,
Shashtri Nagar, Jammu (J&K) 180 004

★ ਸਨਿਮਰ ਬੇਨਤੀ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗੁਰਮਤਿ ਲਾਇਬ੍ਰੇਰੀ, ਗੁ: ਸ੍ਰੀ ਮੰਜੀ (ਬਾਉਲੀ) ਸਾਹਿਬ, ਅੰਬਾਲਾ ਸ਼ਹਿਰ ਵਾਸਤੇ ਆਪ ਜੀ ਦੇ ਮਿਆਰੀ ਮੈਗਜ਼ੀਨ 'ਅੰਮ੍ਰਿਤ ਕੀਰਤਨ' ਨੂੰ ਇਸ ਲਾਇਬ੍ਰੇਰੀ ਦੇ ਸ਼ਿੰਗਾਰ ਵਜੋਂ ਰੱਖਣਾ ਚਾਹੁੰਦੇ ਹਾਂ ਤਾਂ ਜੋ ਇਸ ਮਾਸਕ ਪੱਤਰ ਦਾ ਅਨੰਦ ਇਸ ਲਾਇਬ੍ਰੇਰੀ ਨਾਲ ਜੁੜੇ ਪਾਠਕ ਵੀ ਮਾਣ ਸਕਣ। ਇਹ ਲਾਇਬ੍ਰੇਰੀ ਸੰਗਤ ਦੇ ਸਹਿਯੋਗ ਨਾਲ ਸ਼ੁਰੂ ਹੋਈ ਹੈ ਇਸ ਲਈ ਇਹ ਵੀ ਬੇਨਤੀ ਹੈ ਕਿ ਮਾਇਕ ਵਸੀਲੇ ਨਾ ਹੋਣ ਕਾਰਣ ਅਸੀਂ ਇਸ ਪੱਤਰ ਦੀ ਭੇਟਾ ਤੋਂ ਅਸਮਰਥ ਹੋਵਾਂਗੇ, ਪਰ ਸਾਡੀ ਇਹ ਮਨਸ਼ਾ ਜ਼ਰੂਰ ਹੈ ਕਿ ਇਹ ਮੈਗਜ਼ੀਨ ਇਸ ਲਾਇਬ੍ਰੇਰੀ ਵਿੱਚ ਜ਼ਰੂਰ ਆਪਣੀ ਮਹਿਕ ਖਿੰਡਾਵੇ।

*- ਵਾਜਿੰਦਰਪਾਲ ਸਿੰਘ*

ਗੁਰੂ ਹਰਿਗੋਬਿੰਦ ਸਾਹਿਬ ਗੁਰਮਤਿ ਲਾਇਬ੍ਰੇਰੀ
ਗੁ. ਸ੍ਰੀ ਮੰਜੀ ਸਾਹਿਬ, ਅੰਬਾਲਾ ਸ਼ਹਿਰ

## ਮੇਰਾ ਇੱਕ ਅਧਿਆਪਕ

ਪਿੱਛੇ ਜਿਹੇ ਇੱਕ ਪੁਸਤਕ ਪੜ੍ਹ ਰਿਹਾ ਸਾਂ! ਉਸ ਵਿੱਚ ਲੇਖਕ ਇੱਕ ਥਾਂ ਸ਼ੁਕਰਾਨਾ ਕਰਨ ਦੇ ਭਾਵ ਨੂੰ ਬਿਆਨ ਕਰਦਿਆਂ ਲਿਖਦਾ ਹੈ ਕਿ ਕਈ ਵਾਰ ਅਸੀਂ ਆਪਣੇ ਖਾਸ ਸੰਬੰਧੀਆਂ ਦਾ ਸ਼ੁਕਰਾਨਾ ਕਰਨ ਤੋਂ ਗੁਰੇਜ਼ ਕਰਦੇ ਹਾਂ। ਇਹ ਸੋਚਦੇ ਹਾਂ -"ਜੇ ਮੇਰੇ ਮਾਤਾ ਪਿਤਾ ਨੇ ਮੇਰੇ ਲਈ ਕੁਝ ਕੀਤਾ ਇਹ ਉਹਨਾਂ ਦਾ ਫਰਜ਼ ਸੀ। ਜੇ ਕਿਸੇ ਅਧਿਆਪਕ ਨੇ ਮੈਨੂੰ ਸਿੱਖਿਆ ਦਿੱਤੀ ਇਹ ਉਹਨੇ ਆਪਣੀ ਡਿਊਟੀ ਨਿਭਾਈ। ਅੱਗੇ ਲੇਖਕ ਲਿਖਦਾ ਹੈ ਨਹੀਂ, ਜੋ ਕੁਝ ਵੀ ਤੁਹਾਡੇ ਲਈ ਕਿਸੇ ਨੇ ਕੀਤਾ ਉਹ ਤੁਹਾਡੇ ਨਾਲ ਵਿਸ਼ੇਸ਼ ਪਿਆਰ ਕਰਕੇ ਕੀਤਾ ਇਸ ਲਈ ਉਸ ਦਾ ਸ਼ੁਕਰਾਨਾ ਜ਼ਰੂਰ ਕਰਨਾ ਚਾਹੀਦਾ ਹੈ।"

ਜਦੋਂ ਮੇਰੇ ਮਨ ਵਿੱਚ ਇਹ ਭਾਵ ਆਏ ਤਾਂ ਮੈਨੂੰ ਆਪਣੇ ਅਧਿਆਪਕਾਂ ਵਿੱਚੋਂ ਇੱਕ ਅਧਿਆਪਕ ਯਾਦ ਆਉਂਦਾ ਹੈ। ਹੁਣ ਪਤਾ ਨਹੀਂ ਉਹ ਕਿੱਥੇ ਹੈ। ਸਕੂਲ ਤੋਂ ਬਾਦ ਉਹ ਮੁੜ ਮੈਨੂੰ ਮਿਲਿਆ ਨਹੀਂ ਨਾ ਹੀ ਉਸ ਬਾਰੇ ਕਦੀ ਕੁਝ ਸੁਣਿਆ। ਮੈਂ ਉਦੋਂ ਨੌਵੀਂ ਦਸਵੀਂ ਵਿੱਚ ਖਾਲਸਾ ਸਕੂਲ ਅੰਬਾਲਾ ਸ਼ਹਿਰ ਵਿੱਚ ਪੜ੍ਹਦਾ ਸਾਂ। ਅਧਿਆਪਕ ਦਾ ਨਾਂ ਐੱਸ. ਐੱਸ. ਗਿੱਲ ਸ਼ਾਇਦ ਸੁਰਜੀਤ ਸਿੰਘ ਗਿੱਲ ਸੀ। ਉਹ ਸਾਨੂੰ ਅੰਗਰੇਜ਼ੀ ਪੜ੍ਹਾਉਂਦਾ ਸੀ। ਮੈਂ ਅੰਗਰੇਜ਼ੀ ਵਿੱਚ ਹੁਣ ਜਿੰਨਾ ਹੀ ਕਮਜ਼ੋਰ ਸਾਂ। ਪੜ੍ਹਨੀ ਲਿਖਣੀ ਆਉਂਦੀ ਨਹੀਂ ਸੀ। ਉਹ ਅਧਿਆਪਕ ਮੇਰਾ ਆਦਰਸ਼ ਨਹੀਂ ਸੀ। ਉਹ ਦਾਹੜੀ ਕਟਦਾ ਸੀ। ਉਂਜ ਬੜਾ ਬਣ ਫਬ ਕੇ ਰਹਿੰਦਾ ਸੀ। ਉਸ ਬਾਰੇ ਸੁਣਦੇ ਸਾਂ ਕਿ ਬੜਾ ਅੱਖੜ ਸੀ। ਲੜਦਾ ਝਗੜਦਾ ਰਹਿੰਦਾ ਸੀ। ਸ਼ਰਾਬ ਵੀ ਪੀਂਦਾ ਸੀ। ਮੈਂ ਸ਼ੁਰੂ ਤੋਂ ਹੀ ਖਾਸ ਤਰ੍ਹਾਂ ਦੇ ਧਾਰਮਿਕ ਮਾਹੌਲ ਵਿੱਚ ਰਿਹਾ ਸਾਂ ਜਿੱਥੇ ਇਹਨਾਂ ਗੱਲਾਂ ਨੂੰ ਬੜਾ ਭੈੜਾ ਗਿਣਿਆ ਜਾਂਦਾ ਸੀ। ਪਰ ਮੇਰੇ ਮਨ ਦੇ ਇੱਕ ਕੋਨੇ ਵਿੱਚ ਉਸ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਮੌਜੂਦ ਰਹੀ ਹੈ। ਇਸ ਦਾ ਇੱਕ ਕਾਰਨ ਸੀ ਕਿ ਉਸ ਨੂੰ ਮੇਰਾ ਗਾਉਣਾ ਚੰਗਾ ਲਗਦਾ ਸੀ। ਸਕੂਲ ਵਿੱਚ ਲਗਭਗ ਹਰ ਸਮਾਗਮ ਤੇ ਮੈਂ ਕੁਝ ਨਾ ਕੁਝ ਗਾਉਂਦਾ ਸਾਂ। ਉਹ ਪ੍ਰਕਾਸ਼ ਸਾਥੀ ਦੀ ਇੱਕ ਗਜ਼ਲ ਬਾਰੇ ਜ਼ਰੂਰ ਫਰਮਾਇਸ਼ ਕਰਦਾ ਸੀ। ਸਾਰੀ ਗਜ਼ਲ ਤਾਂ ਮੈਨੂੰ ਯਾਦ ਨਹੀਂ ਪਰ ਉਸ ਗਜ਼ਲ ਦਾ ਇੱਕ ਸ਼ੇਅਰ ਮੈਨੂੰ ਹੁਣ ਵੀ ਯਾਦ ਹੈ :

ਉਹਨਾਂ ਦੀ ਅੱਖ ਵਿੱਚ ਅੱਗ ਪਾਣੀ ਸਾਥੀ ਦੋਵੇਂ ਵਸਦੇ ਨੇ,<br>
ਕੌਣ ਕਹਿੰਦਾ ਸੀ ਅੱਗ ਪਾਣੀ ਨੂੰ ਇੱਕ ਥਾਂ ਤੇ ਵਸਾਣਾ ਔਖਾ ਹੈ।

ਇਹ ਗਜ਼ਲ ਸੁਣ ਕੇ ਗਿੱਲ ਸਾਹਿਬ ਮੈਨੂੰ ਦੋ ਰੁਪਏ ਇਨਾਮ ਵਜੋਂ ਦਿੰਦੇ ਹੁੰਦੇ ਸਨ। ਉਹਨਾਂ ਨੇ ਇਹ ਗਜ਼ਲ ਕਈ ਵਾਰੀ ਸੁਣੀ ਅਤੇ ਹਰ ਵਾਰੀ ਦੋ ਰੁਪਏ ਮੈਨੂੰ ਇਨਾਮ ਵਜੋਂ ਦਿੱਤੇ। 1964-65 ਦੇ ਦੋ ਰੁਪਇਆਂ ਦੀ ਕੀਮਤ ਜਾਣਨ ਲਈ ਕਲ੍ਹ ਹੀ ਮੇਰੇ ਕੀਰਤਨੀ ਸਾਥੀ ਜਸਪਾਲ ਸਿੰਘ ਨੇ ਇੱਕ ਜਟਕਾ ਜਿਹਾ ਫਾਰਮੂਲਾ ਦੱਸਿਆ ਹੈ। ਉਹਦੇ ਅਨੁਸਾਰ ਬੈਂਕ ਵਿੱਚ ਪਈ ਰਕਮ ਹਰ ਪੰਜ ਸਾਲ ਬਾਦ ਦੁਗਣੀ ਹੋ ਜਾਂਦੀ ਹੈ -ਇਸ ਹਿਸਾਬ ਨਾਲ ਗਿੱਲ ਸਾਹਿਬ ਵਲੋਂ ਦਿੱਤੇ 2 ਰੁਪਏ 1970 ਵਿੱਚ 4, 1975 ਵਿੱਚ 8, 1980 ਵਿੱਚ 16, 1985 ਵਿੱਚ 32, 1990 ਵਿੱਚ 64, 1995 ਵਿੱਚ 128 ਅਤੇ 2000 ਵਿੱਚ 256 ਰੁਪਏ ਬਣ ਗਏ। ਅੱਜ ਜਦੋਂ ਮੈਂ ਕਿਸੇ ਨੂੰ ਇਨਾਮ ਦੇਣਾ ਹੋਵੇ ਜਾਂ ਕੀਰਤਨ ਭੇਟ ਦੇਣੀ ਹੋਵੇ ਤਾਂ ਮੇਰੀ ਜੇਬ ਵਿੱਚੋਂ ਪੰਜ ਜਾਂ ਦਸ ਰੁਪਏ ਤੋਂ ਵੱਧ ਨਹੀਂ ਨਿਕਲਦੇ।

ਉਦੋਂ -ਇਤਨੀ ਸਮਝ ਨਹੀਂ ਸੀ। ਪਰ ਹੁਣ ਮੈਨੂੰ ਪਤਾ ਹੈ ਕਿ ਬਾਹਰੋਂ ਅੱਖੜ ਜਾਪਦਾ ਇਹ ਅਧਿਆਪਕ ਅੰਦਰੂਨੀ ਤੌਰ 'ਤੇ ਕਿੰਨਾ ਕੋਮਲ ਭਾਵੀ ਸੀ। ਪਤਾ ਨਹੀਂ ਕਿਹੜੀਆਂ ਮਜਬੂਰੀਆਂ ਸਨ ਜਿਹਨਾਂ ਕਰਕੇ ਉਹ ਅੱਖੜ ਵਤੀਰਾ ਧਾਰਨ ਕਰਦਾ ਸੀ।

ਮੇਰਾ ਮਨ ਕਰਦਾ ਹੈ -ਜੇ ਅੱਜ ਉਹ ਅਧਿਆਪਕ ਮੈਨੂੰ ਮਿਲ ਜਾਵੇ ਤਾਂ ਮੈਂ ਆਪਣੀਆਂ ਉਹਨਾਂ ਭਾਵਨਾਵਾਂ ਕਰਕੇ ਉਸ ਤੋਂ ਮੁਆਫੀ ਮੰਗਾਂ ਅਤੇ ਉਸ ਨੂੰ ਖਾਸ ਆਦਰ ਭੇਟ ਕਰਾਂ। ਉਸ ਦੇ ਕਿਸੇ ਕੰਮ ਆਵਾਂ। ਉਸ ਨੂੰ ਆਪਣਾ ਕੀਰਤਨ ਸੁਣਾ ਕੇ ਉਸ ਤੋਂ ਪਿਆਰ ਅਤੇ ਅਸ਼ੀਰਵਾਦ ਹਾਸਲ ਕਰਾਂ।

ਮੈਂ ਉਸ ਲਈ ਅਰਦਾਸ ਕਰਦਾ ਹਾਂ -ਉਹ ਜਿੱਥੇ ਵੀ ਹੋਵੇ -ਵਾਹਿਗੁਰੂ ਉਸ ਨੂੰ ਚੰਗੀ ਸਿਹਤ ਬਖਸ਼ੇ। ਉਸ ਦੇ ਜੀਵਨ ਨੂੰ ਖੁਸ਼ੀਆਂ ਨਾਲ ਭਰੇ।

ਮੇਰੇ ਜੀਵਨ ਵਿੱਚ ਤਾਂ ਅਜਿਹੇ ਕਿਤਨੇ ਹੀ ਪਰਉਪਕਾਰੀ ਵਿਅਕਤੀ ਆਏ ਹਨ। ਉਹਨਾਂ ਦਾ ਮੈਂ ਜਿੰਨਾ ਵੀ ਸ਼ੁਕਰਗੁਜ਼ਾਰ ਹੋਵਾਂ ਥੋਹੜਾ ਹੈ।

# ਗੁਰੂ ਰਾਮ ਦਾਸ ਜੀ ਦੀ ਬਾਣੀ ਦੀ ਪ੍ਰਗੀਤਾਤਮਕਤਾ

ਪ੍ਰੋ. ਚਾਨਣ ਸਿੰਘ ਨਿਰਮਲ ★

ਪ੍ਰਗੀਤ ਪੰਜਾਬੀ ਵਿੱਚ ਲਿਰਿਕ (Liric) ਦਾ ਪ੍ਰਯਾਯਵਾਦੀ ਸ਼ਬਦ ਹੈ। Liric ਸ਼ਬਦ ਅੰਗਰੇਜ਼ੀ ਵਿੱਚ ਯੂਨਾਨੀ ਭਾਸ਼ਾ ਤੋਂ ਆਇਆ ਹੈ। ਯੂਨਾਨ ਵਿੱਚ ਲੂਰਾ (Lura) ਨਾਮਕ ਵਾਦ-ਯੰਤਰ ਦੀ ਸੰਮਤੀ ਵਿੱਚ ਗਾਇਣ ਕੀਤੇ ਜਾਣ ਵਾਲੇ ਗੀਤਾਂ ਨੂੰ Luri Kos (ਲੂਰੀ ਕੋਸ) ਕਿਹਾ ਜਾਂਦਾ ਸੀ। ਇਸੇ Luri ਤੋਂ Lyric ਸ਼ਬਦ ਹੋਂਦ ਵਿੱਚ ਆਇਆ ਹੈ। (Encyclopaedia Britannica Vol. XVII, P. 177)

ਪ੍ਰਗੀਤ ਸਵੈ-ਸੰਬੋਧਨੀ ਹੁੰਦਾ ਹੈ। T.S. Eliot ਅਨੁਸਾਰ ਵੀ "ਪ੍ਰਗੀਤ ਕਵੀ ਦਾ ਅਜਿਹਾ ਉਚਾਰ ਹੁੰਦਾ ਹੈ ਜਿਸ ਵਿੱਚ ਕਵੀ ਆਪਣੇ ਆਪ ਨੂੰ ਸੰਬੋਧਿਤ ਹੁੰਦਾ ਹੈ ਜਾਂ ਕਿਸੇ ਨੂੰ ਵੀ ਨਹੀਂ।" ਸਰੋਦੀ ਕਾਵਿ ਦੇ ਸੰਬੋਧਨ ਦਾ ਮੂਲ ਆਧਾਰ ਸਵੈ-ਸੰਬੋਧਨ ਹੈ। ਇਹ ਕਵੀ ਦੀ ਆਪਣੇ ਆਪੇ ਨੂੰ ਮਾਰੀ ਬੋਲੀ ਹੁੰਦੀ ਹੈ। ਸਰੋਦੀ ਰਚਨਾ ਇੱਕ ਲਘੂ ਰਚਨਾ ਹੁੰਦੀ ਹੈ। ਆਧੁਨਿਕ ਪ੍ਰਗੀਤ ਵਿੱਚ ਆਂਤਰਿਕ ਸ਼ਾਬਦਿਕ ਸੰਗੀਤ ਹੁੰਦਾ ਹੈ। ਇਸ ਨੂੰ ਗਾਇਆ ਭਾਵੇਂ ਨਾ ਜਾ ਸਕੇ ਪਰੰਤੂ ਪੜ੍ਹਕੇ ਇੱਕ ਹੁਲਾਰਾ ਜਿਹਾ ਜ਼ਰੂਰ ਆਉਂਦਾ ਹੈ। ਪ੍ਰਗੀਤ ਵਿਚਲੇ ਸ਼ਬਦ ਤਰਲ ਮਧੁਰ ਅਤੇ ਸੰਗੀਤ ਮਈ ਹੁੰਦੇ ਹਨ। ਪ੍ਰਗੀਤ ਧੁਨੀ ਅਤੇ ਬਿੰਬਾਵਲੀ ਦਾ ਆਂਤਰਿਕ ਅਨੁਕਰਣ ਹੁੰਦਾ ਹੈ। ਪ੍ਰਗੀਤਾਤਮਕ ਕਾਵਿ ਸਰੋਦੀ ਕਾਵਿ (Melopious Poetry) ਹੁੰਦਾ ਹੈ। ਪ੍ਰਗੀਤ ਜਾ ਸਰੋਦੀ ਗੀਤ ਗਾਇਣ ਕੀਤਾ ਜਾਣ ਵਾਲਾ ਕਾਵਿ ਹੈ। ਇਹ ਬਿਲਕੁਲ ਹਲਕਾ ਫੁਲਕਾ ਫੁੱਲਾਂ ਵਰਗਾ ਹੁੰਦਾ ਹੈ। ਫੁੱਲਾਂ ਵਰਗੀ ਹੀ ਇਸ ਵਿੱਚ ਲਿਸ਼ਕ ਪੁਸ਼ਕ ਤੇ ਟਹਿਕ ਮਹਿਕ ਹੁੰਦੀ ਹੈ। ਸਰੋਦੀ ਗੀਤ ਸਰਲ ਤੇ ਸਪਸ਼ਟ ਹੁੰਦੇ ਹਨ। ਇਹ ਸਾਜਾਂ ਨਾਲ ਗਾਇਣ ਕੀਤੇ ਜਾਂਦੇ ਹਨ।

ਗੁਰੂ ਰਾਮ ਦਾਸ ਜੀ ਦੀ ਬਾਣੀ ਸਭ ਤੋਂ ਵੱਧ ਗਾਇਣ ਕੀਤੀ ਜਾਣ ਵਾਲੀ ਹੈ। ਉਨ੍ਹਾਂ ਦੀ ਬਾਣੀ ਵਿੱਚੋਂ ਵੀ ਛੱਕੇ ਛੰਤ ਸਭ ਤੋਂ ਵੱਧ ਕੀਰਤਨ ਦੇ ਸੁਯੋਗ ਹਨ। ਇਸੇ ਕਰਕੇ ਹੀ 'ਆਸਾ ਦੀ ਵਾਰ' ਦੀ ਤਲਖੀ ਵਿੱਚ ਇਨ੍ਹਾਂ ਦੀ ਮਧੁਰਤਾ ਦਾ ਛਿੱਟਾ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਅਨੇਕ ਪ੍ਰਕਾਰ ਨਾਲ ਸਰਲਤਾ, ਸਪਸ਼ਟਤਾ ਤੇ ਮਿੱਠਤਾ ਵਿਦਮਾਨ ਹੋਈ ਹੈ।

1. ਕਲਾ ਵੰਨਗੀ ਵਿੱਚ : ਇਹ ਕਲਾ ਰਹਿਤ ਕਲਾ ਹੈ। ਇਹ ਉਹ ਕਲਾ ਹੈ ਜੋ ਸ਼ਬਦ ਦੇ ਪ੍ਰਵੇਸ਼ ਨਾਲ ਆਪ ਮੁਹਾਰੇ ਹੁੰਦੀ ਹੈ। ਸ਼ਬਦ ਹੀ ਪਾਰਬ੍ਰਹਮ ਹੈ ਤੇ ਅਜਿਹੀ ਬਾਣੀ ਉਸ ਦੀ ਆਪਣੀ ਬਾਣੀ ਹੀ ਹੋਇਆ ਕਰਦੀ ਹੈ। ਆਪ ਠੀਕ ਫੁਰਮਾਂਦੇ ਹਨ।

*ਹਰਿ ਆਪੇ ਅਪਰੰਪਰ ਕਰਤਾ*
*ਹਰਿ ਆਪੇ ਬੋਲਿ ਬੁਲਾਇ।*

ਅਜਿਹੀ ਕਲਾ ਵਿੱਚ ਕੋਈ ਘਾਟ ਨਹੀਂ ਹੁੰਦੀ। ਅਜਿਹੀ ਕਲਾ ਸੰਪੂਰਨ ਕਲਾ ਹੋਇਆ ਕਰਦੀ ਹੈ। ਸੰਪੂਰਨ ਕਲਾ ਸੰਪੂਰਨ ਤੌਰ ਤੇ ਦ੍ਰਿਸ਼ਟਮਾਨ ਹੋਕੇ ਸਹਿਜੇ ਹੀ ਸਾਧਾਰਨਤਾ ਤੇ ਸਰਲਤਾ ਦਾ ਗੁਣ ਗ੍ਰਹਿਣ ਕਰ ਲੈਂਦੀ ਹੈ। ਅਪੂਰਨ ਕਲਾ ਅਸਪਸ਼ਟ ਹੁੰਦੀ ਹੈ। ਜਦ ਉਹ ਆਪ ਹੀ ਲਿਖਣ ਵਾਲਾ ਹੈ ਤਾਂ ਫਿਰ ਇਹ ਧੁੰਧਲੀ ਕਿਉਂ ਰਹੇ।

*ਆਪੇ ਲੇਖਣ ਆਪਿ ਲਿਖਾਰੀ ਆਪੇ ਲੇਖ ਲੇਖਾ ਹਾ।*

ਗੁਰੂ ਰਾਮ ਦਾਸ ਜੀ ਦੀ ਰਚਨਾ ਉਹ ਰਹੱਸਵਾਦੀ ਰਚਨਾ ਹੈ ਜਿਸ ਦੀ ਪਰਿਭਾਸ਼ਾ ਪ੍ਰੋ. ਪੂਰਨ ਸਿੰਘ The Spirit of Oriental Poetry ਵਿੱਚ ਇਉਂ ਕਰਦਾ ਹੈ।

"ਕਾਮਲ ਕਵਿਤਾ (Prophetic Poetry) ਇੱਕ ਨਿਰੰਤਰ ਵਗਦੀ ਨਦੀ ਹੈ। ਜੋ ਜ਼ਿੰਦਗੀ ਦੇ ਅਥਾਹ ਸੋਮੇ ਵਿੱਚੋਂ ਉਮਡ ਉਮਡ ਪੈਂਦੀ ਹੈ। ਕਵਿਤਾ ਜੁਗਾਂ ਜੁਗਾਂਤਰਾਂ ਦੀ ਸਮਾਧੀ ਹੈ। ਕਿਸੇ ਵੀ ਕਵਿਤਾ ਦਾ ਇਤਨਾ ਮਨ ਉੱਤੇ ਪ੍ਰਭਾਵ ਨਹੀਂ ਪੈਂਦਾ ਜਿੰਨਾ ਕਿ ਇਨ੍ਹਾਂ ਕਾਮਲ ਕਵੀਆਂ ਦੇ ਮਨੋਹਰ ਸ਼ਬਦਾਂ ਦਾ। ਰੇਡੀਅਮ ਵਾਂਗ ਉਨ੍ਹਾਂ ਵਿੱਚੋਂ ਅਦ੍ਰਿਸ਼ਟ ਜੋਤਮਈ ਕਿਰਨਾਂ ਸਦਾ ਨਿਕਲਦੀਆਂ ਰਹਿੰਦੀਆਂ ਹਨ।"

ਛੱਕੇ ਛੰਤਾਂ ਵਿੱਚ ਰਹੱਸ ਨੂੰ ਸਪਸ਼ਟ ਕਰਨ ਲਈ ਪ੍ਰਕਾਸ਼ਮਾਨ ਕੀਤਾ ਗਿਆ ਹੈ।

2. ਵਿਸ਼ੇ : ਵਿਸ਼ੇ ਭਾਵਾਂ ਗੁੱਧਾ ਹੈ। ਭਾਵ ਹੀ ਗੀਤਮਈ ਕਾਵਿ ਨੂੰ ਰਾਗਮਈ ਤੇ ਤਾਲਮਈ ਬਣਾ ਜਾਂਦੇ ਹਨ। ਨਿੱਜੀ ਹੁੰਦੇ ਹੋਏ ਅਨਿੱਜੀ ਹਨ। ਗੁਰੂ ਸਾਹਿਬ ਦੇ ਅੰਤਰਮੁਖੀ ਹੁੰਦੇ ਹੋਏ ਵੀ ਸਮੂਹ ਮਨੁੱਖਤਾ ਦੀ ਅੰਤਰਾਤਮਾ ਦੀ ਤਰਜਮਾਨੀ ਕਰ ਜਾਂਦੇ ਹਨ। ਪ੍ਰੇਮ ਦਾ ਵਲਵਲਾ ਕਿਸ ਦੇ ਮਨ ਨੂੰ ਧੂਹ ਨਹੀਂ ਪਾਉਂਦਾ। ਪ੍ਰੇਮ ਦੀ ਪਹੁੰਚ ਤਾਂ ਰੱਬ ਦਾ ਤਖਤ ਹਿਲਾ ਦੇਂਦੀ ਹੈ। ਇਨ੍ਹਾਂ ਛੱਕੇ ਛੰਤਾਂ

★ ਮੁਖੀ, ਪੰਜਾਬੀ ਪੋਸਟ ਗਰੈਜੂਏਟ ਵਿਭਾਗ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ 143 531 (ਗੁਰਦਾਸਪੁਰ)

ਦਾ ਵਿਸ਼ੇ ਸਰਬ ਸਾਧਾਰਨ ਪ੍ਰੀਤ ਵਲਵਲਾ ਹੈ। ਇਹੀ ਸੰਸਾਰ ਦਾ ਮੂਲ ਵਿਸ਼ੇ ਹੈ। ਉਰਦੂ ਦਾ ਪ੍ਰਸਿੱਧ ਕਵੀ ਮੋਮਨ ਕਹਿੰਦਾ ਹੈ- "ਇਸ਼ਕ ਹੀ ਇਸ਼ਕ ਹੈ ਯਹਾਂ ਦੇਖੋ ਸਾਰੇ ਆਲਮ ਮੇਂ ਭਰ ਰਹਾ ਹੈ ਇਸ਼ਕ।"

ਇਨ੍ਹਾਂ ਛੰਤਾਂ ਵਿੱਚ ਇਸ਼ਕ ਹੈ। ਗੁਰੂ ਭਗਤੀ ਦਾ, ਪ੍ਰਭੂ ਭਗਤੀ ਦਾ। ਇਹ ਖਾਸ ਕਰਕੇ ਭਾਰਤ ਦਾ ਤੇ ਆਮ ਕਰਕੇ ਸੰਸਾਰ ਦਾ ਮੂਲ ਵਿਸ਼ੇ ਹੈ। ਸੋ ਆਮ ਲੋਕ ਇਸ ਨੂੰ ਆਸਾਨੀ ਨਾਲ ਸਮਝ ਸਕਦੇ ਹਨ। ਕੋਈ ਖਾਸ ਡੂੰਘੀ ਗਹਿਰੀ ਫ਼ਿਲਾਸਫੀ, ਕੋਈ ਵੇਦ-ਸਿਧਾਂਤ ਨਹੀਂ ਖੋਲ੍ਹਿਆ ਗਿਆ। ਸਗੋਂ ਸਿੱਧਾ ਸਾਦਾ ਪ੍ਰੀਤ ਵਲਵਲਾ ਪ੍ਰਗਟ ਕੀਤਾ ਹੈ। ਇਸ ਵਲਵਲੇ ਦਾ ਜੋ ਅਨੰਦ ਸੰਯੋਗ ਵਿੱਚ ਮਿਲਦਾ ਹੈ ਉਸ ਦਾ ਹੀ ਬਿਆਨ ਹੈ। ਸੱਚ ਤਾਂ ਇਹ ਹੈ ਕਿ ਸੰਯੋਗੀ ਵਲਵਲੇ ਦੀ ਤੀਖ਼ਣਤਾ ਤੇ ਵਿਆਕੁਲਤਾ ਦੇ ਰੋੜ੍ਹ ਵਿੱਚ ਗੁਰੂ ਕਵੀ ਮਨ ਗਾ ਉੱਠਿਆ। ਇਸ ਤਰ੍ਹਾਂ ਪ੍ਰਗੀਤਾਤਮਕ-ਕਾਵਿ ਦੀ ਸਿਰਜਣਾ ਆਵੇਸ਼ ਵਿੱਚ ਹੀ ਆਪ ਮੁਹਾਰੇ ਹੋ ਗਈ ਹੈ।

3. **ਵਿਸ਼ੇ ਪ੍ਰਗਟਾ** : ਵਿਸ਼ੇ ਦਾ ਪ੍ਰਗਟਾ ਸਰਲ ਤੇ ਸਪਸ਼ਟ ਢੰਗ ਦਾ ਹੈ। ਕਈ ਵਿਸ਼ੇ ਤਾਂ ਸਾਧਾਰਨ ਲੈ ਲੈਂਦੇ ਹਨ, ਪ੍ਰੰਤੂ ਇਸ ਦੇ ਪ੍ਰਗਟਾਣ ਵਿੱਚ, ਇਸ ਦੀ ਉਸਾਰੀ ਵਿੱਚ ਇਸ ਨੂੰ ਨਿੱਜੀ, ਬਹੁਤ ਗੁੰਝਲਦਾਰ ਤੇ ਵਲਪਲੇਚਵਾਂ ਬਣਾ ਜਾਂਦੇ ਹਨ। ਪਰ ਗੁਰੂ ਸਾਹਿਬ ਨੇ ਵਿਸ਼ੇ ਵਿੱਚ ਸਾਧਾਰਣੀਕਰਣ ਲੈ ਆਂਦਾ ਹੈ। ਇਸ ਨੂੰ ਉਨ੍ਹਾਂ ਨੇ ਮਨ ਅੰਤਰ ਕੀ ਪੀੜ ਦੱਸਿਆ ਹੈ ਜੋ ਜੁਗਾਂ ਜੁਗਾਂਤਰਾਂ ਵਿੱਚ ਪ੍ਰਗਟ ਹੋ ਆਉਂਦੀ ਹੈ। ਇਸ ਕਰਕੇ ਹੀ ਪ੍ਰਭੂ ਇਨ੍ਹਾਂ ਮਨ ਅੰਤਰ ਕੀ ਪੀੜਾ ਵਾਲਿਆਂ ਦਾ ਕਸ਼ਟ ਕੱਟਦਾ ਆਇਆ ਹੈ।

*ਹਰਿ ਜੁਗ ਜੁਗ ਭਗਤ ਉਪਾਇਆ।*
*ਪੈਜ ਰਖਦਾ ਆਇਆ ਰਾਮ ਰਾਜੇ।*
*ਹਰਨਾਖਸੁ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ।*
*ਅਹੰਕਾਰੀਆਂ ਨਿੰਦਕਾਂ ਪਿਠ ਦੇਇ*
*ਨਾਮ ਦੇਉ ਮੁਖ ਲਾਇਆ।*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤ ਲਏ ਛਡਾਇਆ।*

4. **ਛੰਦ** : ਛੰਦ ਪ੍ਰਗੀਤਾਤਮਕ ਕਵਿਤਾ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਤੋਲ ਤੇ ਰਾਗ ਨੂੰ ਤੀਖ਼ਣਤਾ ਪ੍ਰਦਾਨ ਕਰਦਾ ਹੈ। ਤੁਕਾਂਤ ਇਸ ਨਾਲ ਗੀਤ ਵਿੱਚ ਰਸ, ਧਵਨੀ, ਤਾਲ, ਲੈਅ (Rhythm) ਤੇ ਵਹਾਓ (Flow) ਆ ਜਾਂਦਾ ਹੈ। ਇਸ ਤਰ੍ਹਾਂ ਸੰਗੀਤ ਉੱਤੇ ਜ਼ਤ ਹੁੰਦਾ ਹੈ। ਉਸ ਦੀਆਂ ਘੰਨਘੋਰਾਂ ਪੈਂਦੀਆਂ ਹਨ। ਗੁਰੂ ਰਾਮ ਦਾਸ ਜੀ ਦੀ ਬਾਣੀ ਵਿੱਚ ਸੰਗੀਤ ਦਾ ਅਖੁਟ ਪ੍ਰਵਾਹ ਚਲਦਾ ਹੈ। ਕੀਤਰਨ ਨੂੰ ਹੁਲਾਰਾ ਮਿਲਦਾ ਹੈ।

ਛੰਦ ਵਿੱਚ ਭਾਵੇਂ ਸਮੂਹ ਗੁਰਬਾਣੀ ਵਿੱਚ ਹੀ ਖੁੱਲ੍ਹ ਲਈ ਗਈ ਹੈ, ਪਰ ਗੁਰੂ ਰਾਮ ਦਾਸ ਜੀ ਦੀ ਕਵਿਤਾ ਵਿੱਚ ਇਹ ਖੁਲ੍ਹ ਕੁਝ ਵਧੇਰੇ ਹੀ ਲਈ ਗਈ ਹੈ। ਇਸ ਖੁਲ੍ਹ ਨਾਲ ਸਗੋਂ ਸਰਲਤਾ ਵਿੱਚ ਜ਼ੋਰਦਾਰ ਵਾਧਾ ਹੋਇਆ ਹੈ। ਉਂਜ ਵੀ ਛੰਤ ਛੰਦ ਵਿੱਚ ਬੁਨਿਆਦੀ ਅਰਥਾਂ ਦੀਆਂ ਸਤਰਾਂ ਨੂੰ ਦੁਹਰਾਇਆ ਜਾਂਦਾ ਹੈ। ਇਹ ਕਵਿਤਾ ਸਰੋਦੀ ਭਾਵ ਵਾਲੀ ਸੰਯੋਗੀ ਹੈ। ਪਰ ਸ਼ਿੰਗਾਰਮਈ ਨਹੀਂ। ਸਰੋਦੀ ਕਵਿਤਾ ਵਿੱਚ ਮੂਲ ਸਿਧਾਂਤਕ ਅਰਥਾਂ ਵਾਲੇ ਸ਼ਬਦਾਂ ਤੇ ਸਤਰਾਂ ਦਾ ਦੁਹਰਾਅ ਹੁੰਦਾ ਹੈ। ਇਸ ਦੁਹਰਾਵਰਤੀ ਨਾਲ ਕਵਿਤਾ ਵਿੱਚ ਸਾਧਾਰਨਤਾ, ਸਰਲਤਾ ਤੇ ਮਿਠਾਸ ਆ ਜਾਂਦੀ ਹੈ।

5. **ਬੋਲੀ** : ਕਠਿਨ ਸ਼ਬਦਾਵਲੀ ਤੋਂ ਪਲੜਾ ਛੁਡਾਇਆ ਗਿਆ ਹੈ। ਵਿਸ਼ੇ ਅਨੁਕੂਲ ਸੰਬੋਧਕ ਸ਼ਬਦ ਵਰਤੇ ਗਏ ਹਨ। ਜਿਵੇਂ ਰਾਮ ਰਾਜੇ, ਗੁਰਮੁਖ, ਪਿਆਰੇ, ਸੁਆਮੀ, ਗੁਰਸਿੱਖ ਆਦਿ। 'ੜ' ਦੀ ਵਰਤੋਂ ਆਮ ਹੈ। ਜਿਵੇਂ ਤੁਠੜਾ, ਦਾ ਤੜੇ, ਰਤਿਅੜੇ, ਵਿਟੜਿਅਹੁ, ਆਦਿ ਸੰਗੀਤਾਤਮਕਤਾ ਪੈਦਾ ਕਰਦੇ ਹਨ। ਛੰਤਾਂ ਦੀ ਬੋਲੀ ਸਰਲ, ਸਪਸ਼ਟ ਤੇ ਠੇਠ ਅਤੇ ਨਿਰੋਲ ਪੰਜਾਬੀ ਹੈ।

*ਗੁਰਮੁਖ ਢੂੰਢਿ ਢੂੰਢੇਦਿਆਂ*
*ਹਰਿ ਸਜਣੁ ਲਧਾ ਰਾਮ ਰਾਜੇ।*
*ਕੰਚਨ ਕਾਇਆ ਕੋਟ ਗੜ੍ਹ, ਵਿਚ ਹਰਿ ਹਰਿ ਸਿਧਾ।*
*ਹਰਿ ਹਰਿ ਹੀਰਾ ਰਤਨ ਹੈ, ਮੇਰਾ ਮਨ ਤਨ ਵਿਧਾ।*
*ਧੁਰ ਭਾਗ ਵਡੇ ਹਰਿ ਪਾਇਆ, ਨਾਨਕ ਰਸ ਗੁਧਾ।*

ਫਿਰ ਕਮਾਲ ਇਹ ਹੈ ਕਿ ਸਾਰੀ ਰਚਨਾ ਵਿੱਚ ਇਸ ਪੱਧਰ ਨੂੰ ਕਾਇਮ ਰੱਖਿਆ ਹੈ। ਸ਼ਬਦ ਬੜੇ ਸਪਸ਼ਟ, ਮਿੱਠੇ ਤੇ ਸੁਹਾਵਣੇ ਹਨ। ਭਾਰਤੀ ਭਗਤੀ ਪਰੰਪਰਾਂ ਨਾਲ ਬੱਝੇ ਤੇ ਪਰਿਚਿਤ ਹੋਏ ਹੋਏ ਹਨ।

6. **ਕਲਪਨਾ** : (Imagination) ਕਲਪਨਾ ਗੀਤ ਵਿੱਚ ਸ਼ਿੰਗਾਰ ਤੇ ਸਜਾਵਟ ਭਰਕੇ ਰੱਖ ਦੇਂਦੀ ਹੈ। ਕਲਪਨਾ ਸੁੰਦਰ ਬਿੰਬਾਵਲੀ (Imagery) ਸਿਰਜ ਕੇ ਰੱਖ ਦੇਂਦੀ ਹੈ। ਕਵਿਤਾ ਤਸਵੀਰ ਬਣ ਜਾਂਦੀ ਹੈ। ਚਿੱਤਰਾਂ

ਦੇ ਚਿੱਤਰ ਜਦ ਨੈਣਾਂ ਸਾਹਵੇਂ ਰਾਤ ਦੇ ਤਾਰਿਆਂ ਵਾਂਙ ਝਲਕਦੇ ਹਨ ਤਾਂ ਇੱਕ ਅਦੁੱਤੀ ਅਨੰਦ ਪੈਦਾ ਹੁੰਦਾ ਹੈ। ਗੁਰੂ ਰਾਮ ਦਾਸ ਜੀ ਦੀ ਕਵਿਤਾ ਵਿੱਚ ਇਹ ਸਾਰੇ ਗੁਣ ਆਮ ਹਨ। ਉਨ੍ਹਾਂ ਦੀ ਬਿੰਬਾਵਲੀ ਮਹਾਨ ਹੈ ਅਤੇ ਆਸਾਨ ਹੈ। ਕਲਪਨਾ ਨੇ ਵਲਵਲੇ ਨੂੰ ਧੂਹ ਪਾਉਣ ਵਾਲਾ ਬਣਾ ਦਿੱਤਾ ਹੈ। ਗੁਰੂ ਜੀ ਦੀ ਮਹਾਨ ਪ੍ਰਤਿਭਾ (Genius) ਨੇ ਮਹਾਨ ਕਲਪਨਾ ਨੂੰ ਜਨਮ ਦਿੱਤਾ ਹੈ। ਕਵਿਤਾ ਕੀ ਹੈ, ਸਗੋਂ ਤਿੱਤਰ-ਮੋਰ-ਖੰਭੀ ਚਿੱਤਰਕਾਰੀ ਹੈ।

7. **ਅਲੰਕਾਰ** : ਅਲੰਕਾਰ ਇਸ ਵਿੱਚ ਸੱਜਣ ਤੇ ਫੱਬਣ ਪੈਦਾ ਕਰਦੇ ਹਨ। ਰੂਪਕਾਂ, ਚਿੰਨ੍ਹਾਂ ਤੇ ਬਿੰਬਾਂ ਦੁਆਰਾ ਆਪ ਜੀ ਨੇ ਖਿਆਲ ਨੂੰ ਦ੍ਰਿਸ਼ਟਮਾਨ ਤੇ ਸਪਰਸ਼ੀ ਬਣਾ ਦਿੱਤਾ ਹੈ। ਅਲੰਕਾਰ ਬੜੇ ਹੀ ਮਿੱਠੇ, ਨਰੋਏ, ਸਰਲ, ਪਰੰਪਰਾਗਤ ਵੀ ਤੇ ਨਿੱਜੀ ਵੀ, ਪਰ ਭਾਵਾਂ ਨੂੰ ਸਪਸ਼ਟ ਕਰਕੇ ਪੂਰੀ ਤਰ੍ਹਾਂ ਉਘਾੜ, ਨਿਖ਼ਾਰ, ਉਭਾਰ ਦੇਣ ਵਾਲੇ ਵਰਤੇ ਹਨ। ਨਮੂਨਾ ਵੇਖੋ-

*ਸਚ ਸ਼ਾਹ ਹਮਾਰਾ ਤੂੰ ਧਨੀ,*
*ਸਭੁ ਜਗਤ ਵਣਜਾਰਾ ਰਾਮ ਰਾਜੇ।*
*ਸਭ ਭਾਂਡੇ ਤੁਧੈ ਸਾਜਿਆ,*
*ਵਿੱਚ ਵਸਤੁ ਹਰਿ ਥਾਰਾ।*
*ਜੋ ਪਾਂਵਹਿ ਭਾਂਡੇ ਵਿੱਚ ਵਸਤ ਸਾ*
*ਨਿਕਲੈ ਕਿਆ ਕੋਈ ਕਰੇ ਵਿਚਾਰਾ।*
*ਜਨ ਨਾਨਕ ਕਉ ਹਰਿ ਸੌਂਪਿਆ,*
*ਹਰਿ ਭਗਤ ਭੰਡਾਰਾ।*

8. **ਰਾਗ** : ਰਾਗ ਇਸ ਵਿੱਚ ਇੱਕ ਅਖੰਡ (Uninterrupted) ਤੇ ਅਖੁੱਟ (Ineuhaustible) ਸੰਗੀਤਕ ਪ੍ਰਵਾਹ ਪੈਦਾ ਕਰਦਾ ਹੈ। ਛੰਤਾਂ ਵਿੱਚ ਤੋਲ ਤੁਕਾਂਤ ਇੱਕ ਰਸ ਇੱਕ ਤੋਰ ਚਲਦਾ ਹੈ। ਹਰ ਛੰਤ ਦੀਆਂ 6,4 ਸਤਰਾਂ ਹਨ। ਛੰਦ ਵਿੱਚ ਖੁਲ੍ਹ ਜ਼ਰੂਰ ਹੈ। ਪਰ ਜੋ ਨੇਮ ਇਨ੍ਹਾਂ ਵਿੱਚ ਨਿਰੂਪਨ ਹੋਇਆ ਹੈ ਉਹ ਇਸ ਵਿਸ਼ੇਸ਼ਤਾ ਦਾ ਧਾਰਨੀ ਹੈ-

Literally raga is something that colours or tinges the mind with some definite feeling ....... a wave of passion or emotion. (O.C. Gaugoly)

(Ragas & Raginis)

What is a raga? It is an atmosphere, a musical colouring. This colouring is associated with a mood of feeling and sentiment. It is often also associated with the time of the day.

(Philippe Sterne Le Musique - Hindone)

ਸੋ ਰਾਗ ਨੇ ਇਸ ਵਿਸ਼ੇ ਨੂੰ ਸਪਸ਼ਟ ਕਰਨਾ ਹੈ। ਵਿਸ਼ੇਸ਼ ਕਰਕੇ ਗੁਰਬਾਣੀ ਦੇ ਰਾਗਾਂ ਨੇ। ਇਹ ਛੰਤ ਰਾਗ ਆਸਾ ਵਿੱਚ ਹਨ।

9. **ਜੀਵਨ ਤੇ ਰਚਨਾ ਦਾ ਸੁਮੇਲ** : ਛੰਤਾਂ ਵਿੱਚ ਗੁਰੂ ਸਾਹਿਬ ਨੇ ਮਾਨਸਿਕ ਸਚਾਈ ਨੂੰ ਉਲੀਕ ਕੇ ਰੱਖ ਦਿੱਤਾ ਹੈ। ਇਹ ਛੰਤ ਗੁਰੂ ਸਾਹਿਬ ਦੇ ਦਿਲ ਦਿਮਾਗ ਹਨ। ਸਗੋਂ ਗੁਰੂ ਸਾਹਿਬ ਦੀ ਆਤਮਾ ਹਨ। ਗੁਰੂ ਸਾਹਿਬ ਦੇ ਅਸਲੀ ਦਰਸ਼ਨ ਹਨ-

*ਸ਼ਬਦ ਮਹਿ ਗੁਰੂ, ਗੁਰੂ ਮਹਿ ਸ਼ਬਦ*

ਸਗੋਂ ਇਹ ਨਿਰੰਕਾਰ ਦੇ ਦੀਦਾਰ ਹਨ-
ਧੰਨ ਬਾਣੀ ਨਿਰੰਕਾਰ ਹੈ।

ਸੋ ਬਾਣੀ, ਗੁਰੂ ਤੇ ਵਾਹਿਗੁਰੂ ਆਪਸ ਵਿੱਚ ਅਭੇਦ ਹਨ। ਲਿਵਲੀਣ ਹਨ।

10. **ਭਾਵਾਂ ਦਾ ਸਾਧਾਰਣੀਕਰਣ** : ਛੱਕੇ ਛੰਤਾਂ ਵਿੱਚ ਪ੍ਰਗਟਾਏ ਗਏ ਵਿਚਾਰਾਂ ਦੀ ਮਹਾਨਤਾ ਇਹ ਹੈ ਕਿ ਇਹ ਨਿੱਜੀ ਹੁੰਦੇ ਹੋਏ ਵੀ ਅਨਿੱਜੀ ਹਨ। ਸਗੋਂ ਇਹ ਹਰੇਕ ਬਿਰਹੋਂ-ਕੁੱਠੀ-ਰੂਹ ਦੀ ਵਿਆਕੁਲਤਾ ਬਣ ਗਏ ਹਨ। ਜੋ ਕੋਈ ਵੀ ਇਨ੍ਹਾਂ ਨੂੰ ਪੜ੍ਹਦਾ ਹੈ ਉਹ ਇਨ੍ਹਾਂ ਵਿੱਚੋਂ ਆਪਣੀ ਹੀ ਆਤਮਾ ਦੀ ਬਿਹਬਲਤਾ ਤੇ ਵਿਆਕੁਲਤਾ ਅਨੁਭਵ ਕਰਦਾ ਹੈ। ਉਹ ਪ੍ਰਭੂ ਅੱਗੇ ਆਪਣੀ ਹੀ ਅਰਜੋਈ ਦੀਆਂ ਹੂਕਾਂ, ਕੂਕਾਂ, ਵਿਲਕਾਂ, ਤਰਲਿਆਂ, ਤਾਘਾਂ ਆਦਿ ਨੂੰ ਅਨੁਭਵ ਕਰਦਾ ਤੇ ਮਹਿਸੂਸਦਾ ਹੈ। ਭਾਵ ਸ਼੍ਰੇਣੀ-ਰਹਿਤ ਹਨ। ਭਾਵ (Passions) ਸਵਰਜਨਕ (Universal) ਤੇ ਸਾਧਾਰਣੀਕਰਣ (Generalised) ਕੀਤੇ ਹੋਏ ਹਨ। ਭਾਵ ਏਨੇ ਅਨਿੱਜੀ ਲਗਦੇ ਹਨ ਕਿ ਇਹ ਸਗੋਂ ਅਵਾਮ (masses) ਦੇ ਦਿਲਾਂ ਦੇ ਹਾਵ ਭਾਵ ਲਗਦੇ ਹਨ।

11. **ਦੁਹਰਾਵਤੀ ਸ਼ਬਦਾਵਲੀ** : ਬਾਣੀ ਵਿੱਚ ਮੂਲ ਸ਼ਬਦਾਂ ਨੂੰ ਜਾਂ ਪੰਕਤੀਆਂ ਦੀਆਂ ਪੰਕਤੀਆਂ ਨੂੰ ਦੁਹਰਾਇਆ ਜਾਂਦਾ ਹੈ। ਇਸ ਤਰ੍ਹਾਂ ਪ੍ਰਗੀਤਾਤਮਕਤਾ ਤੇ ਰਾਗਾਤਮਕਤਾ ਨੂੰ ਹੁਲਾਰਾ ਸਗੋਂ ਹੋਰ ਵੀ ਮਿਲਦਾ ਹੈ।

ਫਿਰ ਤਾਲ ਤੇ ਸਾਜ਼ ਇਸ ਨੂੰ ਚਾਰ ਚੰਨ ਲਾ ਦੇਂਦੇ ਹਨ। ਇਹ ਦੁਹਰਾਓ ਰਵਾਨਗੀ ਵਿੱਚ ਵਾਧਾ ਕਰਦਾ ਹੈ। ਰਵਾਨਗੀ ਸੰਗੀਤਾਤਮਕਤਾ ਨੂੰ ਉਤੇਜ਼ਿਤ ਕਰਦੀ ਹੈ। ਸਰੋਦ ਨੂੰ ਹੁਲਾਰਾ ਦੇਂਦੀ ਹੈ। ਸਰੋਦ ਸਿਖ਼ਰਾਂ ਤੇ ਪੁਜਦਾ ਹੈ। ਕਾਵਿ ਦਾ ਸੁਹਜ ਸਿਰਜਿਆ ਜਾਂਦਾ ਹੈ। ਮਨਾਂ ਨੂੰ ਹਲੂਣਾ ਮਿਲਦਾ ਹੈ। ਹੁਲਾਰਾ ਮਿਲਦਾ ਹੈ। ਮਨ ਝੂਮ ਉੱਠਦਾ ਹੈ। ਅਜਿਹੀ ਦੁਹਰਾਵਰਤੀ ਸ਼ਬਦਾਵਲੀ ਦਾ ਚਮਤਕਾਰ ਤੱਕੋ-

*ਜਿਨੀ ਗੁਰਮੁਖ ਨਾਮ ਧਿਆਇਆ,*
*ਤਿਨਾ ਫਿਰ ਬਿਘਨੁ ਨ ਹੋਈ ਰਾਮ ਰਾਜੇ।*
*ਜਿਨੀ ਸਤਿਗੁਰ ਪੁਰਖ ਮਨਾਇਆ,*
*ਤਿਨਾ ਸੁਖ ਸਦ ਹੋਈ।*
*ਜਿਨਾ ਨਾਨਕ ਸਤਿਗੁਰ ਭੇਟਿਆ,*
*ਤਿਨਾ ਮਿਲਿਆ ਹਰਿ ਸੋਈ।*

ਕੀਰਤਨ ਵੇਲੇ ਹਰੇਕ ਪੰਕਤੀ ਦੇ ਅੰਤ ਤੇ ਰਾਮ ਰਾਜੇ ਦਾ ਤਾਲ ਚੁੱਕਿਆ ਜਾਂਦਾ ਹੈ। ਇਸ ਤਰ੍ਹਾਂ ਮਨ ਸਰਸ਼ਾਰ ਹੋ ਉੱਠਦਾ ਹੈ। ਰੂਸੋ ਦੇ ਕਥਨ ਅਨੁਸਾਰ ਸ਼ਬਦਾਂ ਦੀ ਤਾਕੀਦ ਬੋਲੀ ਦੀ ਜਾਨ ਹੁੰਦੀ ਹੈ। ਉਹ ਇਸ ਨੂੰ ਅਨੁਭਵਤਾ ਤੇ ਸਚਾਈ ਬਖਸ਼ਦੀ ਹੈ। ਗੁਰੂ ਰਾਮਦਾਸ ਜੀ ਦੀ ਬੋਲੀ ਦੀ ਇਹੋ ਵੱਡੀ ਵਿਸ਼ੇਸ਼ਤਾ ਤੇ ਵਿਲੱਖਣਤਾ ਹੈ ਕਿ ਇਸ ਵਿੱਚ ਇੱਕੋ ਸ਼ਬਦ ਤੇ ਵਾਕੰਸ਼ ਵਾਰ ਵਾਰ ਆਉਂਦਾ ਹੈ। ਹਰ ਵਾਰ ਇਹ ਨਵੇਂ ਰੂਪ ਵਿੱਚ ਤੇ ਨਵੇਂ ਰੰਗ ਵਿੱਚ ਪੇਸ਼ ਹੁੰਦਾ ਹੈ। ਹਰ ਵਾਰ ਉਸ ਵਿੱਚ ਨਵੀਂ ਸੁੰਦਰਤਾ ਤੇ ਨਵੀਂ ਤਾਜ਼ਗੀ ਅੱਖਾਂ ਤੇ ਕੰਨਾਂ ਨੂੰ ਸਰਸ਼ਾਰ ਕਰਦੀ ਹੈ। ਕਈ ਵਾਰ ਤਾਂ ਇੱਕੋ ਸ਼ਬਦ ਵਿਭਿੰਨ ਰੰਗਾਂ ਤੇ ਅਰਥਾਂ ਵਿੱਚ ਆਕੇ ਭਾਵਾਂ ਦੀ ਅਸਮਾਨੀ ਪੀਂਘ ਨੂੰ ਸਤਰੰਗੀ ਬਣਾ ਦਿੰਦਾ ਹੈ ਜੋ ਵੇਖਣ ਤੇ ਸੁਣਨ ਵਾਲੇ ਨੂੰ ਖੀਵਾ ਕਰ ਦਿੰਦਾ ਹੈ।

12. **ਲੋਕ ਸੁਰ :** ਛੱਕਾ ਛੰਦ ਲੋਕ ਧਾਰਾ ਦਾ ਹੈ। ਛੰਤ ਛੰਦ ਤੋਂ ਨਿਕਲਿਆ ਹੈ। ਇਹ ਵਿਆਹ ਸ਼ਾਦੀਆਂ ਤੇ ਗਾਇਆ ਜਾਣ ਵਾਲਾ ਖੁਸ਼ੀ ਦਾ ਕਾਵਿ-ਰੂਪ ਹੈ। ਇਸ ਦੀ ਇਹ ਲੋਕ ਸੁਰ ਇਸ ਨੂੰ ਸਭ ਤੋਂ ਵਧ ਪ੍ਰਗੀਤਾਤਮਕ ਬਣਾਕੇ ਰੱਖ ਦੇਂਦੀ ਹੈ। ਵਿਆਹਾਂ ਸ਼ਾਦੀਆਂ ਵਿੱਚ ਵੀ ਇਸ ਨੂੰ ਢੋਲਕੀਆਂ, ਛੈਣਿਆਂ ਆਦਿ ਸਾਜ਼ਾਂ ਨਾਲ ਗਾਇਆ ਜਾਂਦਾ ਹੈ। ਸੋ ਲੋਕ ਸੁਰ ਵਾਲਾ ਇਸ ਦਾ ਸਾਜ਼ ਤੇ ਤਾਲ ਇਸ ਦੀ ਪ੍ਰਗੀਤਮਕਤਾ ਨੂੰ ਸ਼ਿਖਰਾਂ ਛੂਹਾ ਕੇ ਰੱਖ ਦੇਂਦਾ ਹੈ। ਇਹ ਲੋਕ ਸੁਰ ਇਸ ਨੂੰ ਲੋਕ ਦਿਲਾਂ ਨਾਲ ਜੋੜਦੀ ਹੈ। ਲੋਕਾਂ ਨਾਲ ਇੱਕ ਸੁਰ ਕਰਦੀ ਹੈ। ਇਸ ਨੂੰ ਸੰਗੀਤ ਗੁਣ ਪ੍ਰਦਾਨ ਕਰਦੀ ਹੈ। ਤਾਂਹੀ ਕੀਰਤਨ ਵਿੱਚ ਇਨ੍ਹਾਂ ਛੱਕੇ ਛੰਤਾਂ ਦਾ ਸਭ ਤੋਂ ਵੱਧ ਅਨੰਦ ਮਾਣਿਆ ਜਾਂਦਾ ਹੈ।

13. **ਸੈ-ਸੰਬੋਧਨੀ ਸੁਰ :** ਪ੍ਰਗੀਤ ਸਵੈ-ਸੰਬੋਧਨੀ ਹੁੰਦਾ ਹੈ। ਸ਼ੁਰੂ ਵਿੱਚ ਦੱਸਿਆ ਗਿਆ ਹੈ ਕਿ T.S. Eliot ਅਨੁਸਾਰ ਵੀ ਪ੍ਰਗੀਤ ਸਵੈ-ਸੰਬੋਧਨੀ ਹੁੰਦਾ ਹੈ। ਪ੍ਰਗੀਤ ਕਵੀ ਦਾ ਅਜਿਹਾ ਉਚਾਰ ਹੁੰਦਾ ਹੈ, ਜਿਸ ਵਿੱਚ ਕਿ ਕਵੀ ਆਪਣੇ ਆਪੇ ਨੂੰ ਸੰਬੋਧਿਤ ਹੁੰਦਾ ਹੈ। ਸਰੋਦੀ ਕਾਵਿ ਦਾ ਮੂਲ ਆਧਾਰ ਹੀ ਸਵੈ ਸੰਬੋਧਨ ਹੁੰਦਾ ਹੈ। ਇਹ ਕਵੀ ਦੀ ਆਪਣੇ ਆਪੇ ਨੂੰ ਮਾਰੀ ਬੋਲੀ ਹੁੰਦੀ ਹੈ।

ਗੁਰੂ ਰਾਮਦਾਸ ਜੀ ਦੀ ਬੋਲੀ ਦੀ ਇੱਕ ਹੋਰ ਅਦੁੱਤੀ ਵਿਸ਼ੇਸ਼ਤਾ ਸੰਬੋਧਕਾਂ ਦੀ ਵਰਤੋਂ ਹੈ। ਵਿਸ਼ੇਸ਼ ਕਰਕੇ ਸਵੈ-ਸੰਬੋਧਨਾਂ ਦਾ ਪ੍ਰਯੋਗ ਕਮਾਲ ਦਾ ਰੰਗ ਵਿਖਾਲਦਾ ਹੈ। ਵਿਸ਼ੇਸ਼ ਕਰਕੇ ਜਦ ਆਪਣੇ ਆਪ ਨੂੰ ਮੇਰੀ ਜਿੰਦੜੀਏ, ਕਹਿਕੇ ਵਾਰ ਵਾਰ ਦੁਹਰਾਂਦੇ ਹਨ ਤਾਂ ਪਾਠਕ ਦੀ ਜਿੰਦੜੀ ਵਿਗਾਸ ਵਿੱਚ ਆ ਜਾਂਦੀ ਹੈ। ਇਉਂ ਮੇਰੇ ਬਾਬਲਾ, ਮੇਰੇ ਸਤਿਗੁਰ, ਮੇਰੇ ਪਿਆਰਿਆ, ਮੇਰੇ ਗੋਬਿੰਦਾ, ਮੇਰੇ ਸਾਜਨ ਸੈਨਾ, ਵਣਜਾਰਿਆ ਮਿੱਤਰਾ, ਮਨ ਬੈਰਾਗੀਆ ਆਦਿ ਵਿੱਚ ਕਿੰਨੀ ਅਦਭੁਤ ਆਕਰਸ਼ਕ ਹੂਕ ਤੇ ਕੂਕ ਹੈ। ਇਸ ਵਿੱਚ ਕਿੰਨਾ ਸੋਜ਼, ਦਰਦ, ਬਿਰਹਾ, ਫਰਾਟ ਤੇ ਵਸਲ ਦੀ ਬਿਹਬਲ ਤਾਂਘ ਹੈ।

14. **ਬੋਲੀ ਸ਼ੈਲੀ ਦੀ ਸਰਲਤਾ ਤੇ ਸਪਸ਼ਟਤਾ :** ਗੀਤ ਸਰਲ ਸਪਸ਼ਟ ਤੇ ਸੁਖੈਨ ਹੁੰਦੇ ਹਨ। ਸ੍ਰੀ ਗੁਰੂ ਰਾਮ ਦਾਸ ਜੀ ਦੇ ਛੱਕ ਛੰਤਾਂ ਵਿੱਚ ਅਨੇਕ ਪ੍ਰਕਾਰਤਾ ਨਾਲ ਸਰਲਤਾ, ਸਪਸ਼ਟਤਾ ਤੇ ਸੁਖੈਨਤਾ ਵਿਦਮਾਨ ਹੋਈ ਹੈ। ਇਨ੍ਹਾਂ ਵਿੱਚ ਇਹ ਸਰਲਤਾ ਦਾ ਗੁਣ ਮਿੱਠਤਾ ਦਾ ਗੁਣ ਭਰਦਾ ਹੈ। ਤਾਂ ਹੀ ਇਸ ਦੀ ਰਸਾਈ ਸਮੂਹ ਹਿਰਦਿਆਂ ਤੱਕ ਹੁੰਦੀ ਹੈ। ਕਿਉਂਕਿ ਬੋਲੀ ਸ਼ੈਲੀ ਲਗਦੀ ਵਾਹ ਠੇਠ ਤੇ ਨਿਰੋਲ ਪੰਜਾਬੀ ਰੱਖੀ ਗਈ ਹੈ।

15. **ਸੰਗੀਤਕ ਸਮਾਸ ਤੇ ਅਨੁਪ੍ਰਾਸ ਸ਼ੈਲੀ ਦੀ ਵਰਤੋਂ :** ਇਸ ਪੱਖੋਂ ਅਦਭੁਤ ਸ਼ਬਦ ਚਿੱਤਰ ਤੇ ਨਾਦ ਬਿੰਬ ਹਨ। ਜਿਵੇਂ ਝਿਮ ਝਿਮੇ ਝਿਮਿ ਝਿਮਿ, ਰੋਮੇ ਰੋਮਿ ਰੋਮਿ ਰੋਮੇ, ਦਾਸਨ ਦਾਸਨ ਦਾਸਾ, ਰਤਨਾ ਰਤਨ, ਹਲਤ ਪਲਤ, ਦਾਤ ਦਇਆ ਕਰ ਦੇਵੈ, ਰਾਮੋ ਰਾਮ ਰਮੇ ਰਮ, ਰਾਮ ਨਾਮ ਪ੍ਰਗਾਸਿਆ, ਨਿਜ ਘਰ ਵਾਸਿਆ, ਸਤੇ ਸਤ, ਪਵਿਤ੍ ਪਰਮ ਪਦ ਪਾਇਆ, ਮਨਮੁਖਾ ਮਨਮੁਖਿ ਮੁਏ ਮੇਰੀ ਕਰ ਮਾਇਆ ਰਾਮ, ਰੰਗ ਕਸੁੰਭ, ਮੇਰਾ ਠਾਕਰੋ ਠਾਕਰ ਨੀਕਾ, ਅਗਮ ਅਥਾਹਾ ਰਾਮ, ਗੁਣ ਗਾਵੈ ਗੁਣ

ਭਾਵੈ, ਸੁੰਨੇ ਸੁੰਨਿ ਸਮਾਵੈ, ਰਾਮੋ ਰਾਮ ਰਵਿਆ, ਭਗਤਿ ਭਰੇ ਭੰਡਾਰਾ, ਨਿਰਮੋਲਕ ਰਤਨ ਅਪਾਰਾ, ਹਰਿ ਹਰਿ ਮਨ ਭਾਇਆ ਪਰਮਸੁਖ ਪਾਇਆ, ਕਿਰਿਆ ਕਰਮ ਕਮਾਇਆ, ਟਿਕੈ ਟਿਕਾਇ, ਪਚੈ ਪਚਾਇ, ਹਰਿ ਮਨਿ ਤਨਿ, ਮਿਲ ਸਤਗੁਰ ਮਨੂਆ ਮਾਨ ਜੀਉ, ਜੋਤਿ ਜੋਤਿ ਮਿਲੀ ਪ੍ਰਭ ਪਾਇਆ ਆਦਿ ਬੇਹੱਦ ਸੰਗੀਤਕ ਤੇ ਪ੍ਰਗੀਤਕ ਸਮਾਸ ਤੇ ਅਨੁਪ੍ਰਾਸ ਵਰਤ ਕੇ ਸਿਰਮੌਰ ਕੀਰਤਨੀ ਬਾਣੀ ਸਿਰਜਕੇ ਇਸ ਪ੍ਰਕਾਰ ਦਾ ਚਕਾ ਚੌਂਧਕਰ ਦੇਣ ਵਾਲਾ ਚਮਤਕਾਰ ਕਰ ਵਿਖਾਇਆ ਹੈ। ਇਹ ਅਨੁਪ੍ਰਾਸ ਤੇ ਸਮਾਸ ਅੰਤ੍ਰੀ ਵੀ ਤੁਕਾਂਤੀ ਤੇ ਸੁਭਾਂਤੀ ਹਨ। ਇਨ੍ਹਾਂ ਦਾ ਅੰਦਾਜ਼ਿ ਬਿਆ ਔਰ ਹੈ। ਵਿਕੋਲਿਤਰਾ ਹੈ, ਵਿਲੱਖਣ ਹੈ। ਅੰਤਰਾਤਮਾ ਦਾ ਅਨਹਦ ਨਾਦ ਹੀ ਬਾਣੀ ਰੂਪ ਹੋ ਕੇ ਬਾਹਰ ਵਹਿ ਟੁਰਿਆ ਹੈ। ਅੰਤਰੀਵੀ ਪ੍ਰੇਮਾ ਭਗਤੀ ਹੀ ਸੁੰਦਰ ਸ਼ਬਦਾਵਲੀ ਦਾ ਜਾਮਾ ਪਹਿਣ ਪ੍ਰਗਟ ਹੋ ਟੁਰੀ ਹੈ। ਅੰਦਰਲਾ ਰਹੱਸ ਸ਼ਬਦਾਵਲੀ ਦੇ ਰਹੱਸ ਵਿੱਚ ਨਿਰੂਪਣ ਹੋਇਆ ਪਿਆ ਹੈ। ਅੰਦਰਤਾ ਭਾਵ ਸਾਗਰ ਹੀ ਲਹਿਰਾਂ ਤਰੰਗਾਂ ਵਿੱਚ ਆਕੇ ਬਾਹਰ ਉੱਛਲ ਪਿਆ ਹੈ। ਆਓ ਇਸ ਨੂੰ ਅਜਾਇਆਂ ਨਾ ਜਾਣ ਦੇਈਏ। ਆਓ ਵਹਿੰਦੀ ਗੰਗਾ ਵਿੱਚ ਆਤਮਕ ਇਸ਼ਨਾਨ ਕਰੀਏ। ਆਓ ਆਨੰਦ ਵਿਭੋਰ ਹੋਈਏ। ☬


ਸੇਵਾ ਸੁਰਤਿ ਸਬਦਿ ਚਿਤੁ ਲਾਏ॥

ਸੇਵਕਸ' ਚੈਰੀਟੇਬਲ ਟਰੱਸਟ (ਰਜਿ.)

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ

PHONES : 701238, 713915, 701396

HELP NEEDY

IN THE SERVICE OF HUMANITY



Do all the good you can.

By all the means you can.

In all the ways you can.

In all the places you can.

At all the times you can.

To all the people you can.

As long as ever you can.

*With best compliments from a wellwisher*

# ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ॥

ਪ੍ਰੋ. ਬਲਵਿੰਦਰ ਸਿੰਘ ★

ਸਿਆਣਪ ਦੇ ਦੁਨਿਆਵੀ ਮਾਪ ਦੰਡ ਆਪਣੀ ਹੀ ਕਿਸਮ ਦੇ ਹਨ। ਦੁਨੀਆਂ ਵਿੱਚ ਸਿਆਣਾ ਉਸ ਨੂੰ ਸਮਝਿਆ ਜਾਂਦਾ ਹੈ ਜਿਸਦੇ ਕੋਲ ਵਧੇਰੇ ਧਨ ਦੌਲਤ ਜਾਂ ਜਾਇਦਾਦ ਹੈ।

ਇੱਕ ਕਥਨ ਆਮ ਕਰਕੇ ਸੁਣਨ ਵਿੱਚ ਆਉਂਦਾ ਹੈ, "ਜਿਸ ਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ" ਭਾਵ ਇਹ ਹੋਇਆ ਕਿ ਕੋਈ ਮੂਰਖ ਜਾਂ ਕੋਈ ਉਦੰਡ ਮਨੁੱਖ ਕਿਸੇ ਤਰ੍ਹਾਂ ਧਨ ਦੌਲਤ ਕੱਠਾ ਕਰ ਲਏ ਤਾਂ ਉਸਦੇ ਮੂਰਖ ਬੱਚੇ ਵੀ ਸਿਆਣੇ ਕਹੇ ਜਾਣਗੇ। ਇਸ ਖਿਆਲ ਨਾਲ ਤਕਰੀਬਨ ਸਾਰੀ ਦੁਨੀਆਂ ਇਸੇ ਹੀ ਦੌੜ ਵਿੱਚ ਲੱਗੀ ਹੋਈ ਹੈ ਕਿ ਕਿਸੇ ਤਰ੍ਹਾਂ ਧਨ ਪ੍ਰਾਪਤ ਕਰ ਲਿਆ ਜਾਏ। ਸਭ ਤਰ੍ਹਾਂ ਦੇ ਜਾਇਜ਼, ਨਜਾਇਜ਼ ਤਰੀਕਿਆਂ ਨਾਲ ਦੌਲਤ ਹੂੰਝੀ ਤੇ ਵਿਟੋਰੀ ਜਾ ਰਹੀ ਹੈ।

ਗੁਰਮਤਿ ਅਜਿਹਾ ਨਹੀਂ ਮੰਨਦੀ। ਸਾਹਬਾਂ ਦਾ ਸਿਆਣਪ ਦਾ ਮਾਪ-ਦੰਡ ਵਿਲੱਖਣ ਤੇ ਨਿਆਰਾ ਹੈ। ਗੁਰੂ ਪਿਤਾ ਉਸਨੂੰ ਸਿਆਣਾ ਮੰਨਦੇ ਹਨ ਜਿਸ ਦੇ ਹਿਰਦੇ ਅੰਦਰ ਹਰਿ ਜੀ ਦੀ ਮੁਹੱਬਤ ਹੈ। ਜੇ ਉਹ ਆਮ ਵਪਾਰੀਆਂ ਵਾਂਗੂੰ, ਆਮ ਸੰਸਾਰੀਆਂ ਵਾਂਗੂੰ ਚਿਕਨੀਆਂ ਚੋਪੜੀਆਂ ਗੱਲਾਂ ਨਾ ਕਰਕੇ ਕੁਝ ਭੁੱਲ ਚੁੱਕ ਵੀ ਕਰਦਾ ਹੈ ਤਾਂ ਫਿਰ ਵੀ ਆਦਿ ਪੁਰਖ ਅਜਿਹੇ ਪੁਰਖ ਨੂੰ ਪਰਖ ਸਕਦਾ ਹੈ ਅਤੇ ਮਨੁੱਖ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ ਤੇ ਉਹ ਸੁਘੜ ਸਿਆਣਾ ਹੈ। ਹੁਕਮ ਹੈ –

*ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ*
*ਤੇ ਜਨ ਸੁਘੜ ਸਿਆਣੇ॥*
*ਜੇ ਬਾਹਰਹੁ ਭੁਲਿ ਚੁਕਿ*
*ਬੋਲਦੇ ਭੀ ਖਰੇ ਹਰਿ ਭਾਣੇ॥*

(ਆਸਾ ਮਹਲਾ 4)

ਸਿਆਣਪ ਦੇ ਨਾਲ ਨਾਲ ਚਤੁਰਾਈ ਤੇ ਚਲਾਕੀ ਆਪੇ ਆ ਜੁੜਦੀਆਂ ਹਨ, ਕਿਉਂਕਿ ਧਨ ਦੌਲਤ ਦੂਜੇ ਨੂੰ ਮੂਰਖ ਬਣਾ ਕੇ ਹੀ ਕੱਠਾ ਕੀਤਾ ਜਾ ਸਕਦਾ ਹੈ। ਚਾਤਰੀ ਤੇ ਚਲਾਕੀ ਇਸ ਕਾਰਜ ਲਈ ਬੜਾ ਅਚੂਕ ਹਥਿਆਰ ਹੈ। ਇਸ ਨਾਲ ਉਹ ਦੂਜਿਆਂ ਪਾਸੋਂ ਧਨ ਮੁੱਠ ਕੇ, ਖੋਹ ਖਸੁੱਟ ਕੇ ਕੱਠਾ ਕਰ ਲੈਂਦਾ ਹੈ ਅਤੇ ਉਹ ਸਿਆਣਾ ਗਰਦਾਨਿਆਂ ਜਾਂਦਾ ਹੈ।

ਮੁਸ਼ਕਲ ਇਹ ਹੈ ਕਿ ਇਹ ਘਪਲਾ ਨਿਰਾ ਸਮਾਜਿਕ ਨਹੀਂ ਰਿਹਾ ਸਗੋਂ ਧਾਰਮਿਕ ਖੇਤਰ ਵਿੱਚ ਵੀ ਇਸ ਨੇ ਆਪਣੀਆਂ ਜੜ੍ਹਾਂ ਜਮਾ ਲਈਆਂ ਹਨ। ਪੰਡਤ ਵਿਦਵਾਨ ਵੀ ਇਸੇ ਦਾ ਹੀ ਸ਼ਿਕਾਰ ਹਨ। ਉਹ ਵੀ ਚਾਰ ਅੱਖਰ ਪੜ੍ਹ ਕੇ ਗਿਆਨ ਨੂੰ ਧਨ ਉਪਾਰਜਨ ਵਾਸਤੇ ਹੀ ਵਰਤਣ ਲੱਗ ਜਾਂਦੇ ਹਨ। ਇਸ ਪ੍ਰਕਾਰ ਜੋ ਕੁਝ ਵੀ ਥੋੜੀ ਬਹੁਤ ਪ੍ਰਾਪਤੀ ਵਿੱਦਿਆ ਨਾਲ ਹੁੰਦੀ ਹੈ ਉਹ ਵੀ ਧਨ ਇਕੱਠਾ ਕਰਨ ਵਿੱਚ ਖਰਚ ਹੋ ਜਾਂਦੀ ਹੈ ਅਤੇ ਵਿਦਵਾਨ ਦੋ ਪ੍ਰਕਾਰ ਨਾਲ, ਦੂਹਰਾ ਮਾਰਿਆ ਜਾਂਦਾ ਹੈ। ਹੁਕਮ ਹੈ –

*ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥*
*ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ॥*
*ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ॥*
*ਏਹੁ ਸੰਸਾਰ ਤਿਸ ਕੀ ਕੋਠੀ ਜੋ ਪੈਸੇ ਸੋ ਗਰਬਿ ਜਰੈ॥*

(ਮਾਰੂ ਮਹਲਾ 1)

ਪੜ੍ਹਿਆ ਹੋਇਆ ਮਨੁੱਖ ਗੁਨਾਹਗਾਰ ਬਣ ਗਿਆ। ਪਤਾਸ਼ਾਹ ਕਹਿੰਦੇ ਹਨ ਕਿ ਅਸੀਂ ਇਸਨੂੰ ਗਵਾਰ ਹੀ ਕਹਾਂਗੇ ਕਿਉਂਕਿ ਉਸਨੇ ਵਿੱਦਿਆ ਨਾਲ ਜੋ ਕੁਝ ਪ੍ਰਾਪਤ ਕੀਤਾ ਹੈ, ਉਹ ਉਸ ਲਈ ਜ਼ਹਿਰ ਬਣ ਕੇ ਨਿਬੜਿਆ ਅਤੇ ਵਿਦਵਾਨ ਜਾਂ ਲੇਖਕ ਉਸ ਜ਼ਹਿਰ ਵਿੱਚ ਗੁਆਚ ਗਿਆ। ਇਹੀ ਅਜੋਕੀ ਵਿੱਦਿਆ ਕਾਰਨ ਵਾਪਰ ਰਿਹਾ ਹੈ। ਇਹ ਗਿਆਨ ਕੱਲਰ ਵਾਲੀ ਜ਼ਮੀਨ ਵਿੱਚ ਖੇਤੀ ਬੀਜਣ ਵਾਂਗ ਹੈ। ਜੋ ਉੱਗਦਾ ਨਹੀਂ ਜੇ ਉੱਗਦਾ ਹੈ ਤਾਂ ਪੁੱਗਦਾ ਨਹੀਂ। ਇਹ ਸਭ ਨਦੀ ਕਿਨਾਰੇ ਰੁੱਖੜੇ ਵਾਂਗ ਥੋੜ ਚਿਰਾ ਹੈ। ਜੇ ਕੋਈ ਮਨੁੱਖ ਚਿੱਟੇ ਕੱਪੜੇ ਪਾ ਕੇ ਉੱਤੇ ਕੱਜਲ ਤੇ ਕਾਲਖ ਲਾ ਲਵੇ ਤਾਂ ਉਸ ਦੀ ਪੁਸ਼ਾਕ ਦਾ ਕੋਈ ਗੁਣ ਨਹੀਂ। ਇਹ ਸੰਸਾਰ ਤ੍ਰਿਸ਼ਨਾ ਦੀ ਕੋਠੀ ਜਾਂ ਕੱਜਲ ਦੀ ਕੋਠੀ ਵਾਂਗ ਸਿੱਧ ਹੋਵੇਗਾ। ਜਿਹੜੇ ਇਸ ਵਿੱਚ ਪੈ ਰਹੇ ਹਨ ਉਹ ਉਪਰੇ ਤੌਰ ਤੇ ਕਾਲੇ ਅਤੇ ਦਾਗਦਾਰ ਹੋਣਗੇ ਹੀ ਸਗੋਂ ਅੰਦਰੋਂ ਵੀ ਸੜੇ ਹੋਏ ਹੋਣਗੇ। ਚਤੁਰਾਈ ਤੇ ਸਿਆਣਪ ਨੇ ਤਾਂ ਕੁਝ ਵੀ ਨਾ ਬਣਾਇਆ। ਅੰਦਰ ਤੱਕ ਹਉਮੈ ਨਾਲ ਸਾੜ ਕੇ ਰੱਖ ਦਿੱਤਾ। ਸਹੀ ਗੱਲ ਤਾਂ ਇਹ ਹੈ ਕਿ ਜਿਸਨੂੰ ਅੰਦਰੋਂ ਪ੍ਰੀਤ ਹੋਵੇਗੀ ਉਹੀ ਸਿਆਣਾ ਹੋਵੇਗਾ।

ਸਿਆਣਪ ਉਹੀ ਚੰਗੀ ਹੈ ਜੋ ਮਤਿ ਨੂੰ ਸੁਆਰੇ ਅਤੇ

★ 658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

ਸੁਰਤ ਨੂੰ ਟਿਕਾ ਵਿੱਚ ਕਰੇ। ਅਜਿਹਾ ਕੇਵਲ ਅੰਦਰ ਦੀ ਪ੍ਰੀਤ ਹੀ ਕਰ ਸਕਦੀ ਹੈ ਤੇ ਗੁਰਮਤਿ ਨੇ ਇਸਨੂੰ ਹੀ ਸਿਆਣਪ ਮੰਨਿਆ ਹੈ। ਹੁਕਮ ਹੈ -

*ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ॥*
*ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾ ਇਹਿ ਜਾਣਾ ਰਾਮ॥*
*ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰਦੇ॥*
*ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ॥*

ਦੁਨਿਆਵੀ ਸਿਆਣਪ ਨਾਲ ਦੌਲਤ, ਦੌਲਤ ਨਾਲ ਹੰਕਾਰ ਤੇ ਹੰਕਾਰ ਨਾਲ ਆਕੜ ਨਿਰਾ ਵਾਹਿਗੁਰੂ ਤੋਂ ਨਹੀਂ ਸਗੋਂ ਆਪਣਿਆਂ ਨਾਲੋਂ ਵੀ ਦੂਰ ਕਰ ਦਿੰਦਾ ਹੈ। ਅੰਦਰ ਦੀ ਪ੍ਰੀਤੀ ਵਾਲੇ ਜੋ ਕੁਝ ਪ੍ਰਾਪਤ ਕਰਦੇ ਹਨ ਉਸਦਾ ਸਿਹਰਾ ਆਪਣੇ ਆਪ ਨੂੰ ਨਹੀਂ ਦੇਂਦੇ, ਸਗੋਂ ਇਸਨੂੰ ਵਾਹਿਗੁਰੂ ਦੀ ਬਖਸ਼ਿਸ਼ ਸਮਝ ਕੇ ਉਸ ਉਤੇ ਹੀ ਮਾਣ ਕਰਦੇ ਹਨ ਅਤੇ ਉਸੇ ਨੂੰ ਆਪਣਾ ਤਾਨ ਸਮਝਦੇ ਹਨ। ਉਹ ਦਿਲੋਂ ਇਸ ਗੱਲ ਨੂੰ ਮੰਨਦੇ ਹਨ ਕਿ ਜੋ ਕੁਝ ਵੀ ਮੈਂ ਜਾਣਿਆ ਹੈ, ਉਹ ਵਾਹਿਗੁਰੂ ਨੇ ਜਣਾਇਆ ਹੈ, ਇਸ ਨਾਲ ਨਿਮਰਤਾ ਅੰਦਰ ਆ ਵਸਦੀ ਹੈ। ਜੋ ਚਤੁਰਾਈ ਨੂੰ ਆਪਣੇ ਸੁਭਾਵਕ ਕਾਰਜ ਤੋਂ ਰੋਕ ਕੇ ਮਤਿ ਨੂੰ ਸੁੱਚਾ ਤੇ ਉੱਚਾ ਕਰਦੀ ਹੈ। ਜਿਸ ਨਾਲ ਸੁਰਤਿ ਟਿਕਾ ਵਿੱਚ ਆ ਜਾਂਦੀ ਹੈ ਤੇ ਅਕਾਲ ਪੁਰਖ ਦਾ ਨੇੜਾ ਪ੍ਰਾਪਤ ਹੁੰਦਾ ਹੈ। ਉਸਦੀ ਪ੍ਰੀਤੀ ਦੇ ਪਾਤਰ ਬਣ ਜਾਈਦਾ ਹੈ। ਇਹੀ ਸਭ ਤੋਂ ਵੱਡੀ ਸੁਘੜਤਾ ਤੇ ਸਭ ਤੋਂ ਵੱਡੀ ਸਿਆਣਪ ਹੈ।

ਇਸ ਅਵਸਥਾ ਤੇ ਉਹੀ ਸੁਘੜ ਸਿਆਣੇ ਪੁਰਖ ਪੁੱਜਦੇ ਹਨ ਜਿਨ੍ਹਾਂ ਉਤੇ ਵਾਹਿਗੁਰੂ ਨਦਰਿ ਕਰਦਾ ਹੈ। ਉਹੀ ਇਸ ਰਸ ਨੂੰ ਮਾਣਦੇ ਹਨ ਅਤੇ ਉਹਨਾਂ ਦੀ ਪਛਾਣ ਵਾਹਿਗੁਰੂ ਨਾਲ ਬਣ ਜਾਂਦੀ ਹੈ। ਜਿਹੜੇ ਮਨੁੱਖ ਹਿਰਦਿਓਂ ਸੱਚੇ ਅਕਾਲ ਪੁਰਖ ਨਾਲ ਸੱਚਾ ਪ੍ਰੇਮ ਨਹੀਂ ਕਰਦੇ ਉਹ ਮਨਮੁਖ ਤੇ ਮੂਰਖ ਆਪਣੇ ਹੀ ਮੱਕੜੀ ਜਾਲ ਵਿੱਚ ਫਸ ਜਾਂਦੇ ਹਨ ਉਹਨਾਂ ਨੂੰ ਆਪਣੀ ਸਿਆਣਪ ਹੀ ਭਾਰੀ ਪੈਂਦੀ ਹੈ ਅਤੇ ਇਹ ਸਿਆਣਪ ਮੂਰਖਤਾ ਦੇ ਤੁੱਲ ਹੀ ਹੈ।

ਅੰਦਰੋਂ ਝੂਠੇ ਤੇ ਬਾਹਰੋਂ ਪੋਚੇ ਪਾਚੇ ਦੁਨੀਆਂ ਦੀਆਂ ਨਿਗਾਹਾਂ ਵਿੱਚ ਵੀ ਸਨਮਾਨ ਨਹੀਂ ਪਾਉਂਦੇ। ਅਜਿਹੇ ਮਨੁੱਖ ਨੇ ਗਲਤ ਢੰਗਾਂ ਨਾਲ ਧਨ, ਦੌਲਤ ਪ੍ਰਾਪਤ ਕੀਤਾ ਹੁੰਦਾ ਹੈ। ਜਿਸ ਦੀ ਗਲਤ ਵਰਤੋਂ ਕਰਕੇ ਉਹ ਲੋਕਾਂ ਉੱਤੇ ਆਪਣਾ ਰੋਅਬ ਦਾਬ ਪਾਉਣਾ ਚਾਹੁੰਦਾ ਹੈ। ਜਿਤਨਾ ਕੁ ਉਹ ਸਮਝਦਾਰ ਹੈ, ਉਤਨਾ ਕੁ ਲੋਕੀਂ ਵੀ ਉਸ ਨੂੰ ਜਾਣਦੇ ਹਨ ਅਤੇ ਉਹ ਉਸਦੇ ਨਾਲ ਧਨ ਤੱਕ ਦਾ ਹੀ ਸਬੰਧ ਰੱਖਦੇ ਹਨ, ਮਨੋ ਇੱਜ਼ਤ ਕੋਈ ਨਹੀਂ ਕਰਦੇ। ਜਦ ਲੋਕੀਂ ਉਸਦਾ ਮਾਨ ਸਤਿਕਾਰ ਨਹੀਂ ਕਰਦੇ ਤਾਂ ਘਟ ਘਟ ਦਾ ਅੰਤਰਜਾਮੀ ਉਹਨਾਂ ਦਾ ਸਨਮਾਨ ਕਿਸ ਤਰ੍ਹਾਂ ਕਰੇਗਾ। ਅਜਿਹਾ ਮਨੁੱਖ ਮੈਲਾ ਹੈ ਤੇ ਉਸਦਾ ਵੇਸ ਵੀ ਮੈਲਾ ਹੈ। ਚਤੁਰਾਈ ਤੇ ਸਿਆਣਪ ਕਾਰਗਰ ਜਾਪਦੇ ਹਨ, ਪਰ ਉਸ ਨਾਲ ਵਿਗਾੜ ਵਧ ਰਿਹਾ ਹੁੰਦਾ ਹੈ। ਵਿਕਾਰ ਲਗਾਤਾਰ ਵਧਦੇ ਜਾਂਦੇ ਹਨ। ਸਦੀਵੀ ਤੇ ਪਾਏਦਾਰ ਇੱਜ਼ਤ ਤਾਂ ਹੀ ਬਣਦੀ ਹੈ "ਜੇ ਸਾਹਿਬ ਸੇਤੀ ਪਹਿ ਰਹੇ।" ਅਜਿਹੇ ਸੱਜਣ ਅਸਲੀ ਧਨਵਾਨ ਹਨ, ਉੱਚੀ ਕੁਲ ਵਾਲੇ ਹਨ, ਚੰਗੇ ਭਾਗਾਂ ਵਾਲੇ ਹਨ ਅਤੇ ਜੀਵਨ ਮੁਕਤ ਹਨ, ਕਿਉਂਕਿ ਉਹਨਾਂ ਦੇ ਹਿਰਦੇ ਵਿੱਚ ਪ੍ਰੀਤ ਹੈ ਉਹੀ ਸੋਹਣੇ ਹਨ, ਤੇ ਸਿਆਣੇ ਹਨ।

ਦੁਨਿਆਵੀ ਸਿਆਣਪ ਸਭਨਾਂ ਲਈ ਸੁਖਦਾਈ ਹੋਵੇ ਇਹ ਉਸ ਸਿਆਣਪ ਦਾ ਸੁਹੱਪਣ ਹੈ। ਇਸਦੀ ਪ੍ਰਾਪਤੀ ਤਾਂ ਹੀ ਹੋਵੇਗੀ ਜੇ ਹਿਰਦੇ ਵਿੱਚ ਹਰਿ ਜੀ ਦੀ ਪ੍ਰੀਤ ਹੋਵੇਗੀ। ਨਹੀਂ ਤਾਂ ਇਹ ਜਮਾਂ ਦੇ ਭਾਉ ਵਾਂਗ ਹੈ। ਇੱਕ ਦੂਜੇ ਨੂੰ ਮੂਰਖ ਬਣਾਏਗਾ, ਦੂਜਾ ਆਪਣੀ ਚਤੁਰਾਈ ਨਾਲ ਹੋਰਨਾਂ ਚਾਰਾਂ ਨੂੰ ਚਾਰੇਗਾ। ਅੰਤ ਚਾਰਾ ਕੋਈ ਚੱਲਣਾ ਨਹੀਂ, ਅਸੀਂ ਆਪ ਹੀ ਇਤਨੇ ਬੇਚਾਰੇ ਜਿਹੇ ਹੋ ਜਾਵਾਂਗੇ ਕਿ ਸਾਨੂੰ ਜਮਾਂ ਦੀ ਲੋੜ ਨਹੀਂ ਰਹੇਗੀ। ਤ੍ਰਿਸ਼ਨਾ ਦੀ ਅੱਗ ਇਤਨੀ ਕੁ ਹੋ ਜਾਏਗੀ ਕਿ ਇਹ ਧਰਤੀ ਹੀ ਦੋਜ਼ਖ ਤੋਂ ਚਾਰ ਪੈਰ ਅਗਾਂਹ ਹੀ ਹੋਵੇਗੀ।

*ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥*
*ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥* ☬


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

SUITABLE match for a Sikh Arora Matriculate, Mohali settled businessman boy (26, 5'-4"). Contact : S. Harshbeer Singh 1533/V, Mohali. Phone: 679426, 674910, 265910

ਨੋਟ: ਅੱਗੇ ਤੋਂ ਅਸੀਂ ਮੈਟ੍ਰੀਮੋਨੀਅਲ ਵਿੱਚ ਬਾਕਸ ਨੰਬਰ ਨਹੀਂ ਦਿਆਂਗੇ ਸਗੋਂ ਲੋੜਵੰਦਾਂ ਦਾ ਐਡਰੈਸ ਹੀ ਛਾਪ ਦਿਆਂਗੇ ਸੋ ਇਸ ਬਾਰੇ ਮੈਟ੍ਰੀਮੋਨੀਅਲ ਦੇਣ ਵਾਲਿਆਂ ਨਾਲ ਸਿੱਧਾ ਸੰਪਰਕ ਕੀਤਾ ਜਾਵੇ। ਅਸੀਂ 'ਵਿਚੋਲੇ' ਵਾਲਾ ਕੰਮ ਨਹੀਂ ਕਰ ਸਕਦੇ। ਖਿਮਾਂ!

# ਸਿਮਰਨ-ਸਮਾਧੀ ਤੇ ਸੰਗੀਤ

ਪਿਆਰਾ ਸਿੰਘ ਪਦਮ ★

*ਪਿਆਰਾ ਸਿੰਘ 'ਪਦਮ' ਹੋਰਾਂ ਬਾਰੇ ਅਸੀਂ 'ਅੰਮ੍ਰਿਤ ਕੀਰਤਨ' (ਅਕਤੂਬਰ 1999) ਵਿੱਚ 'ਇੱਕ ਹੋਰ ਪਿਆਰਾ ਸਿੰਘ ਪਦਮ' (ਕਰਉ ਬੇਨੰਤੀਆ) ਛਾਪਿਆ ਸੀ। ਇਹ ਅਨੁਭਵ ਉਹਨਾਂ ਨੇ ਭੇਜਿਆ। ਉਹ ਚਾਹੁੰਦੇ ਸਨ ਕਿ ਲੇਖਕ ਵਜੋਂ ਉਹਨਾਂ ਦਾ ਨਾਮ ਨਾ ਛਾਪਿਆ ਜਾਵੇ। ਪਰ ਨਾਮ ਤੋਂ ਬਿਨਾ ਅਨੁਭਵ ਦਾ ਮਹੱਤਵ ਨਹੀਂ ਸੀ ਬਣਦਾ। ਇਸ ਲਈ ਖਿਮਾ ਚਾਹੁੰਦੇ ਹੋਏ ਉਹਨਾਂ ਦਾ ਨਾਮ ਵੀ ਛਾਪ ਰਹੇ ਹਾਂ।*

ਇੱਕ ਦਿਨ ਸ਼ਾਮ ਨੂੰ ਸੈਰ ਕਰਨ ਗਿਆ। ਰੇਡਿਓ ਸਟੇਸ਼ਨ ਦੇ ਗੇਟ ਦੇ ਸਾਹਮਣੇ ਗੁਜ਼ਰ ਰਿਹਾ ਸਾਂ ਕਿ ਅੰਦਰੋਂ ਛੁੱਟੀ ਕਰਕੇ ਇੱਕ ਮਿਤ੍ਰ ਮਿਲ ਗਿਆ। ਇਹ ਸੱਜਣ ਰੇਡਿਓ ਦਾ Staff Artiste ਸ੍ਰੀ ਰਾਮਪ੍ਰਵੇਸ਼ ਸਿੰਘ 'B' High Grade, ਉਸਤਾਦ ਘਨਾਈ ਦੱਤ ਦਾ ਸ਼ਾਗਿਰਦ ਸੀ। ਹੈ ਤਾਂ ਪਟਨੇ ਦਾ ਵਾਸੀ ਪਰ ਸਾਡੀ ਸੰਗਤ ਦਾ ਮੈਂਬਰ ਸੀ।

ਮੇਰੀ ਰਜਾਮੰਦੀ ਨਾਲ, ਇੱਕ ਸਾਬਕਾ ਚੀਫ ਮਨਿਸਟਰ ਦੇ ਘਰ ਲੈ ਗਿਆ। ਘਰ ਦੀ ਮਾਲਕਣ ਨੇ ਆਉ ਭਗਤ ਤੋਂ ਉਪਰੰਤ ਚਾਹ ਪਾਣੀ ਪਿਲਾ ਕੇ ਇਸ ਵੱਡੀ ਸਾਰੀ ਬਿਲਡਿੰਗ ਦੇ ਇੱਕ ਛੋਟੇ ਜਿਹੇ ਕਮਰੇ 'ਚ ਛੱਡ ਕੇ ਆ ਗਈ ਅਤੇ ਹੋਰ ਮਹਿਮਾਨਾਂ, ਸਤਿ ਸੰਗੀਆਂ ਨੂੰ ਦੇਖਣ 'ਚ ਮਸਰੂਫ ਹੋ ਗਈ।

ਇਹ ਛੋਟਾ ਜਿਹਾ ਕਮਰਾ ਦੇਵੀ ਦੇਵਤਿਆਂ ਦੀਆਂ ਫੋਟੋਆਂ ਨਾਲ ਸਜਾਇਆ ਹੋਇਆ ਸੀ, ਜਿਸ ਵਿੱਚ ਦਖਸ਼ਨ ਦੇ ਮਸ਼ਹੂਰ ਸਾਂਈ ਬਾਬਾ ਦੀ ਵੱਡੀ ਸਾਰੀ ਫੋਟੋ ਵੀ ਸੀ। ਇਹ ਸਾਰੇ ਹਿੰਦੂ ਸਾਂਈ ਬਾਬੇ ਦੇ ਸੇਵਕ ਹੋਣਗੇ ਅਤੇ ਹਫਤਾ ਵਾਰੀ ਕੀਰਤਨ ਪ੍ਰੋਗਰਾਮ ਕਰਦੇ ਹੋਣਗੇ।

ਮੇਰਾ ਸਾਥੀ ਹਿੰਦੂ ਹੋਣ ਦੇ ਬਾਵਜੂਦ, ਸਾਡੀ ਸਿੱਖ ਸੰਗਤ ਦਾ ਮੈਂਬਰ ਸੀ, ਨਾਮ ਸਿਮਰਨ ਵੀ ਕਰਦਾ ਸੀ ਅਤੇ ਗੁਰਬਾਣੀ ਕੀਰਤਨ ਸਮੇਂ ਤਬਲਾ ਵੀ ਵਜਾਉਂਦਾ ਸੀ। ਥੋੜੀ ਹੀ ਦੇਰ ਬਾਅਦ ਕਮਰਾ ਆਦਮੀਆਂ ਔਰਤਾਂ ਨਾਲ ਭਰ ਗਿਆ, ਜਿਸ ਵਿੱਚ ਆਸਾਮੀ, ਬੰਗਾਲੀ ਤੇ ਮਦਰਾਸੀ ਔਰਤਾਂ ਵੀ ਸਨ। ਪਲ ਹੀ ਪਲ 'ਚ ਮਦਰਾਸੀ ਇਸਤਰੀਆਂ ਨੇ ਭਜਨ ਗਾਉਣੇ ਸ਼ੁਰੂ ਕੀਤੇ। ਵਾਤਾਵਰਨ ਬੜਾ ਮਾਕੂਲ ਸੀ, ਸ਼ਾਂਤ ਅਤੇ ਸੁਰੀਲਾ ਸੀ। ਹੋਰ ਕੀ ਚਾਹੀਦਾ ਸੀ। ਮੈਂ ਚੌਕੜਾ ਮਾਰਿਆ ਵਾਹਿਗੁਰੂ ਨਾਮ ਸ਼ੁਰੂ ਕਰ ਦਿੱਤਾ। ਸ਼ਾਮ ਦੇ 6 ਵਜੇ ਦਾ ਸਮਾਂ ਸੀ। ਆਸਾਮ 'ਚ ਸ਼ਾਮ ਜਲਦੀ ਪੈ ਜਾਂਦੀ ਹੈ ਅਤੇ ਸਵੇਰਾ ਭੀ ਜਲਦੀ ਹੁੰਦਾ ਹੈ। ਵਾਹਿਗੁਰੂ ਜੀ ਦੀ ਕਿਰਪਾ ਹੋਈ ਮੈਂ ਫੌਰਨ ਹੀ ਸਮਾਧੀ 'ਚ ਹੋ ਗਿਆ, ਜਿੱਥੇ ਅਨੰਦ ਹੀ ਅਨੰਦ ਹੁੰਦਾ ਹੈ ਹੋਰ ਸੁਧ ਬੁਧ ਨਹੀਂ ਰਹਿੰਦੀ। ਸਮੇਂ ਨਾਲ ਸੰਬੰਧ ਨਹੀਂ ਰਹਿੰਦਾ। ਕੀਰਤਨ ਕਰਨ ਵਾਲਿਆਂ ਦਾ ਵਕਤ ਹੋ ਗਿਆ ਹੋਵੇਗਾ, ਉਨ੍ਹਾਂ ਨੇ ਆਰਤੀ ਕਰਨੀ ਹੋਵੇਗੀ। ਜਦੋਂ ਸਾਰੇ ਆਰਤੀ ਲਈ ਖਲੋ ਗਏ, ਤਾਂ ਮੇਰੇ ਸਾਥੀ ਨੇ ਮੈਨੂੰ ਹਲੂਣ ਕੇ ਵਾਪਿਸ ਇਸ ਦੁਨੀਆਂ 'ਚ ਲਿਆਂਦਾ ਅਤੇ ਸਾਰਿਆਂ ਨਾਲ ਉਠਕੇ ਖਲੋਣ ਲਈ ਕਿਹਾ। ਮੇਰਾ ਸਾਥੀ ਮੇਰੀ ਇਸ ਹਾਲਤ ਨੂੰ ਪਹਿਲਾਂ ਤੋਂ ਜਾਣਦਾ ਸੀ। ਆਰਤੀ ਹੋ ਗਈ, ਪ੍ਰਸ਼ਾਦ ਵਰਤ ਗਿਆ, ਕੁਝ ਲੋਕ ਪਲੋ ਪਲੀ ਆਪਣੇ ਆਪਣੇ ਘਰਾਂ ਨੂੰ ਚਲੇ ਗਏ।

ਪਰ ਮੈਂ ਤਾਂ ਨਸ਼ੇ ਨਾਲ ਮਖਮੂਰ ਸਾਂ, ਉੱਠ ਕੇ ਤੁਰਨ ਦੀ ਹਾਲਤ ਨਹੀਂ। ਆਪਣੇ ਸਾਥੀ ਸ੍ਰੀ ਰਾਮਪ੍ਰਵੇਸ਼ ਸਿੰਘ ਨੂੰ ਅਰਜ ਕੀਤੀ ਕਿ ਹਰਮੋਨੀਅਮ ਮੈਨੂੰ ਦਿਉ ਅਤੇ ਆਪ ਤਬਲਾ ਲੈ ਕੇ ਸੁਰ ਕਰ ਲਉ। ਮਨ ਦੀ ਅਵਸਥਾ ਸੀ ਕਿ "ਜਹਿ ਦੇਖਾ ਤਿੱਤ ਸੋਈ" ਭੀਖਨ ਜੀ, ਮੈਨੂੰ ਸੁਰ ਦੀ ਜਮਾਂਦਰੂ ਦੇਣ ਹੈ ਸਾਜ਼ਿੰਦਾ ਹਾਂ, ਰਾਮਪ੍ਰਵੇਸ਼ ਸਿੰਘ ਜੀ ਮੇਰੇ ਨਾਲ ਰੇਡੀਓ ਪ੍ਰੋਗਰਾਮ 'ਚ ਭੀ ਸੰਗਤ ਕਰਿਆ ਕਰਦੇ ਸਨ। ਸ਼ਾਮ ਦੇ ਕਿਸੇ ਰਾਗ ਤੇ ਧੁਨ ਬਣਾ ਕੇ ਹੇਠਾਂ ਲਿਖਿਆ ਮੀਰਾਂ ਦਾ ਭਜਨ ਗਾਉਣਾ ਆਰੰਭ ਕੀਤਾ ਕਿਉਂਕਿ ਹੋਰ ਕੁਝ ਜ਼ਬਾਨੀ ਯਾਦ ਨਹੀਂ ਸੀ।

ਕੋਈ ਕਹਿਓ ਰੇ ਪ੍ਰਭੂ ਆਵਨ ਕੀ।
ਆਵਨ ਕੀ ਮਨ ਭਾਵਨ ਕੀ।
ਆਪ ਨਹੀ ਆਏ, ਲਿਖ ਨਹੀ ਭੇਜਿਉ।
ਬਾਨ ਪੜੀ ਤਰਸਾਵਨ ਕੀ।
ਏਹ ਦੋ ਨੈਨਾ ਕਹਾ ਨਹੀ ਮਾਨੈ।
ਨਦਿਆਂ ਬਹੇ ਜੈਸੇ ਸਾਵਨ ਕੀ।
ਕਹਾ ਕਰੂ ਕਛੂ ਬਸ ਨਹੀ ਮੇਰੇ।
ਪੇਖ ਨਹੀ ਉੜ ਆਵਨ ਕੀ।

★ C/o Anil Sahama Advocate, Nizirapar, Guwahati - 781 003

ਮੀਰਾ ਕੇ ਪ੍ਰਭੂ ਗਿਰਧਰ ਨਾਗਰ।
ਤੇਰੀ ਹੂੰ ਤੇਰੇ ਦਾਸਨ ਕੀ।

ਨਾਮ ਰੰਗ 'ਚ ਭਿੱਜੇ ਹੋਏ ਇਸ ਭਜਨ ਨੇ ਸਰੋਤਿਆਂ ਤੇ ਜਾਦੂ ਦਾ ਅਸਰ ਕੀਤਾ, ਜਦੋਂ ਕਿ ਮੈਂ ਦੀਵਾਰਾਂ ਨੂੰ ਪੁੱਛ ਰਿਹਾ ਸਾਂ ਕਿ ਤੁਸੀਂ ਹੀ ਦੱਸੋ ਕਿ ਪ੍ਰਭੂ ਕਦੋਂ ਆਵੇਗਾ। ਥੋੜੇ ਜਿਹੇ ਲੋਕ ਜਿਹੜੇ ਕਿ ਸਿਰਫ ਆਸਾਮੀ ਜਾਂ ਬੰਗਾਲੀ ਸੀ, ਮੈਨੂੰ ਕਦੇ ਸੁਣਿਆ ਅਤੇ ਦੇਖਿਆ ਨਹੀਂ, ਸੁਣਕੇ ਹੱਕੇ-ਬੱਕੇ ਰਹਿ ਗਏ ਕਿ ਇੱਕ ਸਰਦਾਰ ਜੀ ਅਤੇ ਇਤਨਾ ਸੁਰੀਲਾ। ਮੇਰੇ ਤੇ ਤਰ੍ਹਾਂ-ਤਰ੍ਹਾਂ ਦੇ ਸਵਾਲਾਂ ਦੀ ਬੋਛਾੜ ਹੋਣ ਲੱਗ ਪਈ। What is the religion you follow? This is the result of how many years of meditation? ਤੁਸੀਂ ਕਿਸ ਧਰਮ ਨੂੰ ਮੰਨਦੇ ਹੋ? ਤੁਹਾਡੀ ਕਿੰਨੇ ਸਾਲਾਂ ਦੀ ਸਾਧਨਾ ਕੀਤੀ ਹੈ ਜੋ ਸਮਾਧੀ ਹੋ ਜਾਂਦੀ ਹੈ? ਮੈਨੂੰ ਆਪਣੇ ਗੁਰੂ ਦੀ ਸਿਫਤਾਂ ਕਰਦੇ ਕਰਦੇ ਰਾਤ ਦੇ ਦੱਸ ਵੱਜ ਗਏ, ਜਿਸਨੇ ਸਿੱਧਾ ਅਤੇ ਸਾਫ ਸੁਥਰਾ ਧਰਮ ਚਲਾਇਆ। ਮੈਂ ਗ੍ਰਿਹਸਤੀ ਹਾਂ, defence ਦੀ ਨੌਕਰੀ ਕਰਦਾ ਹਾਂ। ਗੁਰੂ ਨਾਨਕ ਦਾ ਸਿੱਖ ਬਣਨ ਦੀ ਕੋਸ਼ਿਸ਼ ਕਰਦਾ ਹਾਂ ਉਸੇ ਦੀ ਕਿਰਪਾ ਸਦਕਾ ਨਾਮ ਜਪਦਾ ਹਾਂ। ਇਸ ਜਗ੍ਹਾ ਮੈਂ ਮਹਿਸੂਸ ਕੀਤਾ ਕਿ ਜਿੱਥੇ ਸਾਡੇ ਗੁਰੂਆਂ ਨੇ ਸਿੱਖ ਕੌਮ ਲਈ ਇਤਨੀ ਕੁਰਬਾਨੀਆਂ ਕਰਕੇ ਸਾਨੂੰ ਇਸ ਸਟੇਜ ਤੇ ਪਹੁੰਚਾਇਆ ਹੈ ਕਿ ਦੁਨੀਆਂ 'ਚ ਇਸਦਾ ਇੱਜ਼ਤ ਮਾਨ ਤੇ ਅਸੀਂ ਆਪਣੇ ਗੁਰੂ ਲਈ ਇਤਨਾ ਨਹੀਂ ਕਰ ਸਕੇ, ਕਿ ਵੱਖ ਵੱਖ, ਪ੍ਰਾਂਤਾ ਦੇਸਾਂ 'ਚ ਵੱਖ ਬੋਲੀਆਂ 'ਚ ਛਾਪਕੇ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕਰ ਸਕੀਏ। ਭਾਂਵੇ ਇਹ ਕੰਮ ਸਾਡੀ ਧਰਮ ਪ੍ਰਚਾਰ ਕਮੇਟੀ ਦਾ ਹੈ ਪਰ ਗੁਰੂ ਦੇ ਪਿਆਰੇ ਜੇ ਇਸ ਗੱਲ ਵੱਲ ਧਿਆਨ ਦੇਣ ਤਾਂ ਇਹ ਉਨ੍ਹਾਂ ਦੇ ਪਹੁੰਚ ਤੋਂ ਬਾਹਰ ਨਹੀਂ।

ਘਰ ਵਾਲੇ ਮੈਨੂੰ ਸੈਰ ਕਰਨ ਆਏ ਆਦਮੀ ਨੂੰ ਰਾਤ ਨੂੰ ਗੱਡੀ 'ਚ ਬਿਠਾ ਕੇ ਘਰ ਛੱਡ ਆਏ। ਉਸ ਤੋਂ ਉਪਰੰਤ ਮੈਂ ਹੌਲੀ-ਹੌਲੀ ਬਾਹਰ ਜਾਣਾ ਬੰਦ ਕਰ ਦਿੱਤਾ। ਕੀਰਤਨ ਕਰਦਿਆਂ ਸੁਣਦਿਆਂ ਸਮਾਧੀਆਂ ਕਈ ਵਾਰੀ ਹੋ ਜਾਂਦੀਆਂ ਹਨ।

ਮੁਝੇ ਯਾਦ ਹੈ ਅਭੀਤਕ, ਵੋਹ ਮਕਾਮ ਵੋਹ ਠਿਕਾਨੇ। ਕੁਝ ਨਾਮ ਰਸੀਏ, ਜਿਨ੍ਹਾਂ ਨੂੰ ਰਾਗ ਵਿਦਿਆ, ਸੁਰ ਸਾਧਨਾ, ਤੰਤੀ ਸਾਜ਼ਾਂ ਦਾ ਬਜਾਉਣਾ ਵਿਰਸੇ 'ਚ ਮਿਲਿਆ ਹੈ। ਆਪ ਵੀ ਅਨੰਦ ਮਾਣਦੇ ਹਨ ਅਤੇ ਸ੍ਰੋਤਿਆਂ ਨੂੰ ਭੀ ਅੰਤਰ ਧਿਆਨ ਕਰ ਦਿੰਦੇ ਨੇ, ਪਰ ਸੰਗਤ 'ਚ ਘਟ ਹੀ ਆਉਂਦੇ ਨੇ। ਮੇਰੀ ਰਾਗੀ ਸਿੰਘਾਂ ਅੱਗੇ ਬਨੇਤੀ ਹੈ ਕਿ ਕੀਰਤਨ ਦੇ ਨਾਲ-ਨਾਲ ਨਾਮ ਦੀ ਕਮਾਈ ਦੀ ਵੀ ਆਦਤ ਪਾ ਲੈਣ ਜਿਸ ਨਾਲ ਗੁਰੂ ਨਾਨਕ ਦਾ ਅਸਲੀ ਮਿਸ਼ਨ ਪੂਰਾ ਹੋਵੇਗਾ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ
ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ** (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

**THE SIKH REVIEW**
**(A Monthly Magazine)**

**116, Karnani Mansion**
**25-A, Park Street, Calcutta**

*With compliments from*

**ASSOCIATES GROUP**
**SECURITY & SERVICES PVT LTD**

GROUP H.Q. : No. 1513, Sector 36-D, Chandigarh. Ph. : 0172-602508
OPERATIONS H.Q. : S.C.O. 1131, Sector 22-B, Chandigarh. Ph. : 0172-709105

*For your Security & Manpower*

# ਗੁਰਮਤਿ ਸੰਗੀਤ ਪਰੰਪਰਾ : ਇੱਕ ਅਧਿਐਨ

**ਡਾ. ਜਸਬੀਰ ਕੌਰ**

ਗੁਰੂ ਨਾਨਕ ਦੇਵ ਜੀ ਨੇ ਜਦੋਂ ਸਿੱਖੀ ਵਿਚਾਰਾਂ ਅਤੇ ਗੁਰਮਤਿ ਸੰਗੀਤ ਦਾ ਦੇਸ਼ ਪ੍ਰਦੇਸ਼ ਵਿੱਚ ਪ੍ਰਚਾਰ ਕਰਨ ਦਾ ਪ੍ਰੋਗਰਾਮ ਆਰੰਭਿਆ ਤਾਂ ਉਸ ਵੇਲੇ 'ਕੀਰਤਨ' ਦੀ ਜੁਗਤੀ ਅਪਣਾਈ ਅਤੇ ਆਪਣੇ ਪਿਆਰੇ ਕੀਰਤਨੀਏ ਭਾਈ ਮਰਦਾਨਾ ਨੂੰ ਇਸ ਵੱਡੇ ਮਿਸ਼ਨ ਦੀ ਪ੍ਰਾਪਤੀ ਲਈ ਸਾਥੀ ਚੁਣਿਆ। ਇਸ ਤਰ੍ਹਾਂ ਸਿੱਖ ਧਰਮ ਵਿੱਚ ਕੀਰਤਨ ਦੀ ਮਰਯਾਦਾ ਆਰੰਭ ਦੌਰ ਵਿੱਚ ਹੀ ਕਾਇਮ ਹੋ ਗਈ ਸੀ। ਦੇਸ਼ ਦੇਸ਼ਾਂਤਰਾਂ ਦੇ ਰਟਣ ਵੇਲੇ ਜਿੱਥੇ ਵੀ ਸਮਾਂ ਬਣਿਆਂ ਗੁਰੂ ਸਾਹਿਬ ਨੇ ਕੀਰਤਨ ਦੁਆਰਾ ਜੀਵਾਂ ਦਾ ਉਧਾਰ ਕੀਤਾ। ਗੁਰੂ ਨਾਨਕ ਦੇਵ ਨੇ ਨਿਯਮਤ ਰੂਪ ਵਿੱਚ ਕੀਰਤਨ ਦੀ ਮਰਿਆਦਾ ਪਾਈ। ਬਾਅਦ ਜਿੰਨੇ ਗੁਰੂਆਂ ਨੇ ਬਾਣੀ ਉਚਾਰੀ, ਉਹ ਸਭ ਰਾਗਾਂ ਵਿੱਚ ਹੈ।

ਗੁਰੂ ਨਾਨਕ ਦੇਵ ਜੀ ਨੇ ਸਿਰੀ, ਮਾਝ, ਗਉੜੀ, ਆਸਾ, ਤਿਲੰਗ, ਸੂਹੀ, ਬਿਲਾਵਲ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ ਰਾਗਾਂ ਵਿੱਚ ਬਾਣੀ ਉਚਾਰੀ। ਗੁਰੂ ਸਾਹਿਬ ਨੇ 16 ਉਪਰਾਗ ਗਉੜੀ, ਗੁਆਰੇਰੀ, ਗਉੜੀ, ਦੱਖਣੀ ਗਉੜੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਦੀਪਕੀ, ਆਸਾ ਕਾਫੀ, ਬੁਰੀ ਕਾਫੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਮਾਰੂ ਦੱਖਣੀ, ਰਾਮਕਲੀ ਦੱਖਣੀ, ਪ੍ਰਭਾਤੀ ਦੱਖਣੀ, ਮਾਰੂ ਕਾਫੀ ਪ੍ਰਭਾਤੀ ਬਿਭਾਸ ਵੀ ਬਾਣੀ ਵਿੱਚ ਵਰਤੇ।

ਉਪਰੋਕਤ ਰਾਗਾਂ ਦਾ ਨਾਮਾਂ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਅਪ੍ਰਚੱਲਿਤ ਰਾਗਾਂ ਨੂੰ ਵੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ।

ਗੁਰੂ ਸਾਹਿਬ ਨੇ ਉਕਤ ਰਾਗਾਂ ਅਧੀਨ ਅਸਟਪਦੀ, ਪਦੇ, ਛੰਤ, ਵਾਰ ਗਾਇਨ ਸ਼ੈਲੀਆਂ ਦੀ ਵਰਤੋਂ ਕੀਤੀ। ਗੁਰਮਤਿ ਸੰਗੀਤ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ। ਇੱਥੇ ਸਵੇਰੇ ਸ਼ਾਮ ਗੁਰਬਾਣੀ ਕੀਰਤਨ ਕੀਤਾ ਜਾਂਦਾ ਸੀ। ਗੁਰੂ ਅੰਗਦ ਦੇਵ ਦੀ ਬਾਣੀ ਸ਼ਲੋਕਾਂ ਦੇ ਰੂਪ ਵਿੱਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲ੍ਹਾਰ ਰਾਗਾਂ ਅਧੀਨ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਦੂਜਾ ਕੀਰਤਨ ਕੇਂਦਰ ਖਡੂਰ ਸਾਹਿਬ ਵਿੱਚ ਸਥਾਪਤ ਕੀਤਾ। ਗੁਰੂ ਅੰਗਦ ਦੇਵ ਦੇ ਦਰਬਾਰ ਵਿੱਚ ਭਾਈ ਮਰਦਾਨੇ ਦਾ ਪੁੱਤਰ ਸਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ ਅਤੇ ਭਾਈ ਸੱਤਾ ਬਲਵੰਡ ਸਵੇਰੇ ਸ਼ਾਮ ਗੁਰਬਾਣੀ ਦਾ ਕੀਰਤਨ ਕਰਦੇ ਸਨ।

ਗੁਰੂ ਅਮਰਦਾਸ ਨੇ ਵੀ ਕੀਰਤਨ ਦੀ ਇਸ ਪ੍ਰਥਾ ਨੂੰ ਜਾਰੀ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰੀ, ਮਾਝ, ਗਉੜੀ, ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਆਸਾ, ਆਸਾ ਕਾਫੀ, ਗੁਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ ਹਿਡੋਲ, ਸਾਰੰਗ, ਮਲ੍ਹਾਰ, ਪ੍ਰਭਾਤੀ, ਪ੍ਰਭਾਤੀ ਬਿਭਾਸ ਰਾਗਾਂ ਅਧੀਨ ਬਾਣੀ ਅੰਕਿਤ ਕੀਤੀ। ਗੁਰੂ ਸਾਹਿਬ ਨੇ ਇਨ੍ਹਾਂ ਰਾਗਾਂ ਅਧੀਨ ਪਦੇ, ਅਸਟਪਦੀਆਂ, ਛੰਦ, ਸੋਲਹੇ , ਵਾਰ ਗਾਇਨ ਸ਼ੈਲੀਆਂ ਅੰਤਰਗਤ ਬਾਣੀ ਦਾ ਗਾਇਨ ਕੀਤਾ। ਰਾਮਕਲੀ ਰਾਗ ਅਧੀਨ 'ਅਨੰਦ ਸਾਹਿਬ' ਦੀ ਰਚਨਾ ਕੀਤੀ, ਜੋ ਸਿੱਖ ਧਰਮ ਵਿੱਚ ਨਿੱਤਨੇਮ ਦੀਆਂ ਬਾਣੀਆਂ ਵਿੱਚ ਇੱਕ ਹੈ ਅਤੇ ਹਰ ਸਮਾਗਮ ਦੇ ਅੰਤ 'ਤੇ ਇਸਦਾ ਗਾਇਨ ਕਰਨ ਦੀ ਪ੍ਰਥਾ ਹੈ।

ਗੁਰੂ ਅਮਰਦਾਸ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਮੰਜੀ ਪ੍ਰਥਾ ਚਲਾਈ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਕੀਰਤਨ ਦਾ ਤੀਜਾ ਕੇਂਦਰ ਗੋਇੰਦਵਾਲ ਸਾਹਿਬ ਵਸਾਇਆ। ਦਰਬਾਰ ਵਿੱਚ ਭਾਈ ਸੱਤਾ ਅਤੇ ਬਲਵੰਡ ਤੋਂ ਬਿਨਾਂ ਭਾਈ ਪਾਧਾ ਅਤੇ ਬੂਲਾ ਰਬਾਬੀ ਗੁਰਬਾਣੀ ਦਾ ਕੀਰਤਨ ਕਰਦੇ ਸਨ। ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਸਾਹਿਬ ਨੇ ਸਾਰਦਾ ਸਾਜ਼ ਦਾ ਨਿਰਮਾਣ ਕੀਤਾ।

ਗੁਰੂ ਰਾਮਦਾਸ ਨੇ ਸਿੱਖ ਗੁਰੂਆਂ ਵਲੋਂ ਚਲਾਈ ਹੋਈ ਗੁਰਬਾਣੀ ਕੀਰਤਨ ਪਰੰਪਰਾ ਨੂੰ ਹੋਰ ਵਿਕਸਤ ਕੀਤਾ। ਉਨ੍ਹਾਂ ਨੇ ਸਿਰੀ, ਮਾਝ, ਗਉੜੀ, ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਆਸਾ, ਆਸਾਵਰੀ, ਆਸਾ ਕਾਫੀ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ, ਗੰਡ, ਮਾਲੀ ਗਉੜੀ, ਮਾਰੂ, ਤੁਖਾਰੀ, ਕੇਦਾਰਾਂ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ ਭੋਪਾਲੀ, ਪ੍ਰਭਾਤੀ, ਪ੍ਰਭਾਤੀ ਬਿਭਾਸ ਰਾਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਉਚਾਰੀ ਹੈ। ਗੁਰੂ ਰਾਮਦਾਸ ਨੇ ਬਾਣੀ ਦੀ

ਰਚਨਾ ਲਈ ਜਿੱਥੇ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ, ਪਦੇ ਅਸਟਪਦੀਆਂ ਦੀ ਵਰਤੋਂ ਕੀਤੀ ਉੱਥੇ ਘੋੜੀਆਂ, ਛੰਤ, ਵਾਰ ਕਾਵਿ ਰੂਪਾਂ, ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਪੜਤਾਲ ਨਾਮਕ ਸ਼ਾਸਤਰੀ ਸ਼ੈਲੀ, ਜੋ ਤਾਲ 'ਤੇ ਅਧਾਰਤ ਹੈ, ਨੂੰ ਜਨਮ ਦਿੱਤਾ। ਪੜਤਾਲ ਸ਼ੈਲੀ ਗੁਰਬਾਣੀ ਸੰਗੀਤ ਲਈ ਹੀ ਨਹੀਂ ਸਗੋਂ ਭਾਰਤੀ ਸੰਗੀਤ ਵਿੱਚ ਵੀ ਮਹਾਨਤਾ ਅਤੇ ਵਿਲੱਖਣਤਾ ਦੀ ਧਾਰਣੀ ਹੈ। ਗੁਰੂ ਸਾਹਿਬ ਦੀਆਂ ੭ ਰਾਗਾਂ ਅਧੀਨ ੧੯ ਪੜਤਾਲਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਗੁਰੂ ਰਾਮਦਾਸ ਦੇ ਦਰਬਾਰ ਵਿੱਚ ਵੀ ਭਾਈ ਸੱਤਾ ਬਲਵੰਡ ਪ੍ਰਸਿੱਧ ਰਬਾਬੀ ਕੀਰਤਨੀਏ ਸਵੇਰੇ ਸ਼ਾਮ ਕੀਰਤਨ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਜਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਵਾਇਆ ਤਾਂ ਗੁਰਬਾਣੀ ਕੀਰਤਨ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਗੂਜਰੀ, ਦੇਵ ਗੰਧਾਰ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਨਾਰਾਇਣ ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ ਰਾਗਾਂ ਵਿੱਚ ਬਾਣੀ ਉਚਾਰੀ। ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਜੀ ਨੇ ਬਾਣੀ ਦੇ ਗਾਇਨ ਲਈ ਸਭ ਤੋਂ ਜ਼ਿਆਦਾ ਰਾਗ ਅਤੇ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਆਪ ਨੇ ਬਾਣੀ ਲਈ ਛੰਤ, ਵਾਰ, ਸੋਲਹੇ, ਅੰਜਲੀਆਂ, ਲੋਕ ਕਾਵਿ ਰੂਪਾਂ ਤੋਂ ਇਲਾਵਾ ਪਦੇ, ਅਸਟਪਦੀਆਂ ਵਰਗੇ ਸਨਾਤਨੀ ਰੂਪ ਦਾ ਪ੍ਰਯੋਗ ਕੀਤਾ। ਆਪ ਨੇ ਪੜਤਾਲ ਗਾਇਨ ਸ਼ੈਲੀ ਦਾ ਵੀ ਖੂਬ ਪ੍ਰਚਾਰ ਕੀਤਾ। ਆਪ ਜੀ ਦੀਆਂ ੩੯ ਪੜਤਾਲਾਂ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਗੁਰੂ ਸਾਹਿਬ ਨੇ ਗੁਰਬਾਣੀ ਦੀ ਪ੍ਰਚਾਰ ਅਤੇ ਪ੍ਰਸਾਰ ਲਈ ਤਰਨਤਾਰਨ ਸਾਹਿਬ ਸਥਾਪਤ ਕੀਤਾ। ਆਸਾ ਦੀ ਵਾਰ ਦੇ ਸੰਪੂਰਨ ਗਾਇਨ ਦੀ ਮਰਿਆਦਾ ਗੁਰੂ ਅਰਜਨ ਦੇਵ ਜੀ ਦੇ ਵੇਲੇ ਹੀ ਹੋਈ। ਗੁਰੂ ਅਰਜਨ ਦੇਵ ਦੇ ਦਰਬਾਰ ਵਿੱਚ ਭਾਈ ਕੇਦਾਰਾ ਝਾੜੂ ਅਤੇ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀ ਕੀਰਤਨ ਕਰਦੇ ਸਨ।

ਗੁਰੂ ਅਰਜਨ ਦੇਵ ਨੇ ਸਰੰਦੇ ਸਾਜ਼ ਦਾ ਅਵਿਸ਼ਕਾਰ ਕਰਕੇ ਗੁਰਮਤਿ ਪ੍ਰੇਮੀ ਸਿੱਖਾਂ ਨੂੰ ਸੰਗੀਤ ਦੀ ਵਿੱਦਿਆ ਸਿਖਾਈ ਅਤੇ ਸ਼ਬਦਾਂ ਨੂੰ ਨਿਰਧਾਰਤ ਵਿਧੀ ਅਨੁਸਾਰ ਗਾਇਨ ਕਰਨਾ ਸਿਖਾਇਆ। ਨਿਤ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਿਆਦਾ ਥਾਪੀ ਜੋ ਇਸ ਵੇਲੇ ਵੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਵਿੱਚ ਕਾਇਮ ਹੈ।

ਗੁਰੂ ਹਰਗੋਬਿੰਦ ਸਾਹਿਬ ਨੇ ਵੀ ਸਿੱਖ ਸੰਗੀਤ ਪਰੰਪਰਾ ਨੂੰ ਉਸੇ ਤਰ੍ਹਾਂ ਹੀ ਕਾਇਮ ਰੱਖਿਆ। ਗੁਰੂ ਸਾਹਿਬਾਨ ਦੇ ਇਸ ਮਹਾਨ ਮਿਸ਼ਨ ਨੂੰ ਅੱਗੇ ਤੋਰਨ ਲਈ ਗੁਰੂ ਹਰਗੋਬਿੰਦ ਸਾਹਿਬ ਨੇ ਕੌਮ ਦੀ ਵਾਗਡੋਰ ਸੰਭਾਲੀ ਤੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਜਿੱਥੇ ਅਕਾਲ ਤਖ਼ਤ ਦੀ ਸਥਾਪਨਾ ਕੀਤੀ, ਕੌਮ ਨੂੰ ਸ਼ਸਤਰਬੱਧ ਕੀਤਾ ਉੱਥੇ ਸੂਰਬੀਰਤਾ ਦਾ ਪੱਖ ਉਜਾਗਰ ਕਰਨ ਲਈ ਢਾਡੀਆਂ ਨੂੰ ਲਿਆ ਕੇ ਸਿੱਖ ਦੀਵਾਨਾਂ ਦਾ ਸ਼ਿੰਗਾਰ ਬਣਾਇਆ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਧੁਨੀਆਂ ਦੇ ਸਿਰਲੇਖਾਂ ਅਨੁਸਾਰ ਵਾਰਾਂ ਦਾ ਗਾਇਨ ਗੁਰੂ ਹਰਗੋਬਿੰਦ ਜੀ ਦੇ ਵੇਲੇ ਹੀ ਕੀਤਾ ਜਾਂਦਾ ਸੀ। ਢਾਡੀਆਂ ਦੇ ਨਾਲ ਨਾਲ ਰਬਾਬੀਆਂ ਤੇ ਰਾਗੀਆਂ ਦੀ ਪ੍ਰਥਾ ਵੀ ਚਾਲੂ ਰੱਖੀ ਗਈ। ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਦੇ ਰਬਾਬੀਆਂ ਵਿੱਚੋਂ ਭਾਈ ਬਾਬਕ, ਬੜੇ ਪ੍ਰਸਿੱਧ ਕੀਰਤਨੀਏ ਸਨ। ਇਨ੍ਹਾਂ ਦੇ ਪੁੱਤਰ ਭਾਈ ਚਤਰਾ ਤੇ ਭਾਈ ਮੌਜਦਰੀਆ, ਭਾਈ ਮਈਆ ਅਤੇ ਲੱਬ ਜੀ ਲੰਮਾਂ ਸਮਾਂ ਗੁਰੂ ਦਰਬਾਰ ਵਿੱਚ ਕੀਰਤਨ ਕਰਦੇ ਰਹੇ। ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਢਾਡੀ ਦੀਵਾਨਾਂ ਦੇ ਨਾਲ ਨਾਲ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਚਲਾਈ ਹੋਈ ਕੀਰਤਨ ਮਰਿਆਦਾ ਨੂੰ ਵੀ ਕਾਇਮ ਰੱਖਿਆ। ਸ੍ਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੇਲੇ ਕੀਰਤਨ ਦੀਆਂ ਪੰਜ ਚੋਕੀਆਂ ਲਗਦੀਆਂ ਸਨ।

ਗੁਰੂ ਹਰਗੋਬਿੰਦ ਸਾਹਿਬ ਨੇ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ ਜਿੱਥੇ ਸਵੇਰੇ ਸ਼ਾਮ ਗੁਰਮਤਿ ਪਰੰਪਰਾ ਅਨੁਸਾਰ ਕੀਰਤਨ ਕੀਤਾ ਜਾਂਦਾ ਸੀ। ਭਾਈ ਨੱਥਾ ਤੇ ਅਬਦੁਲਾ ਗੁਰੂ ਘਰ ਦੇ ਪ੍ਰਸਿੱਧ ਢਾਡੀ ਸਨ। ਗੁਰੂ ਸਾਹਿਬ ਦੇ ਸਮੇਂ ਹੀ ਵਾਰਾਂ ਦੇ ਗਾਇਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਸਾਰੰਗੀ ਸਾਜ਼ ਗੁਰੂ ਦਰਬਾਰ ਵਿੱਚ ਪ੍ਰਵੇਸ਼ ਹੋਇਆ। ਇਸੇ ਤਰ੍ਹਾਂ ਹੀ ਹਰਿ ਰਾਏ ਅਤੇ ਗੁਰੂ ਹਰਕ੍ਰਿਸ਼ਨ ਜੀ ਨੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਕੀਰਤਨ ਪ੍ਰਣਾਲੀ ਨੂੰ ਕਾਇਮ ਰੱਖਿਆ। ਗੁਰੂ ਤੇਗ ਬਹਾਦਰ ਜੀ ਨੇ ਗੁਰਮਤਿ ਸੰਗੀਤ ਪ੍ਰਥਾ ਦੀਆਂ ਲੀਹਾਂ ਪਹਿਲਾਂ ਪਾਈਆਂ, ਉਨ੍ਹਾਂ ਨੂੰ

ਹੋਰ ਪੱਕਾ ਕੀਤਾ।

ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਜੈਜਾਵੰਤੀ ਅਧੀਨ ਕੇਵਲ ਗੁਰੂ ਤੇਗ ਬਹਾਦਰ ਦੀ ਹੀ ਰਚਨਾ ਪ੍ਰਾਪਤ ਹੈ।

ਸਿੱਖ ਲਹਿਰ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਸੰਤ ਕਵੀ, ਸੰਗੀਤਕਾਰ ਦੇ ਨਾਲ ਨਾਲ ਮਹਾਨ ਵੀਰ ਯੋਧੇ ਵੀ ਸਨ ਜਿਨ੍ਹਾਂ ਨੇ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਸਿੱਖ ਕੌਮ ਅਤੇ ਗੁਰਮਤਿ ਸੰਗੀਤ ਨੂੰ ਨਵੀਂ ਸੇਧ ਦਿੱਤੀ। ਗੁਰੂ ਸਾਹਿਬਾਨ ਦੀ ਰਚਨਾ ਦਾ ਸੰਗ੍ਰਹਿ 'ਦਸਮ ਗ੍ਰੰਥ' ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਜਿੱਥੇ ਸੂਰਬੀਰ, ਬਹਾਦਰਾਂ, ਗਿਆਨਵਾਨਾਂ, ਵਿਦਵਾਨਾਂ ਅਤੇ ਗੁਰਮਤਿ ਸੰਗੀਤਕਾਰਾਂ ਦਾ ਵਿਸ਼ੇਸ਼ ਆਦਰ ਕੀਤਾ ਜਾਂਦਾ ਸੀ, ਉੱਥੇ ਗੁਰੂ ਘਰ ਦੇ ਕੀਰਤਨੀਆਂ ਦਾ ਉਚੇਚਾ ਸਨਮਾਨ ਕੀਤਾ ਜਾਂਦਾ ਸੀ।

ਇਸ ਤਰ੍ਹਾਂ ਕੀਰਤਨ ਅਤੇ ਕੀਰਤਨੀਆਂ ਦਾ ਸਤਿਕਾਰ ਪੰਥ ਵਿੱਚ ਧੁਰ ਤੋਂ ਹੀ ਕਾਇਮ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਮਨਸਾ ਸਿੰਘ ਗੁਰਬਾਣੀ ਦਾ ਕੀਰਤਨ ਨਿਰਧਾਰਤ ਰਾਗਾਂ ਅਨੁਸਾਰ ਕਰਦੇ ਸਨ। ਬਾਬਾ ਸ਼ਾਮ ਸਿੰਘ ਨੇ ੭੦ ਸਾਲ ਸਿਰੰਦਾ ਵਜਾ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਕੀਤਾ। ਰਾਗੀ ਸੁੰਦਰ ਸਿੰਘ (ਆਟਾ ਮੰਡੀ ਵਾਲੇ), ਭਾਈ ਚਾਂਦ, ਭਾਈ ਤਾਬਾ, ਭਾਈ ਲਾਲ ਨੇ ਵੀ ਗੁਰੂ ਸਾਹਿਬ ਦੀ ਚਲਾਈ ਹੋਈ ਗੁਰਮਤਿ ਸੰਗੀਤ ਪ੍ਰਣਾਲੀ ਅਨੁਸਾਰ ਕੀਰਤਨ ਦੀ ਸੇਵਾ ਨਿਭਾਈ। ੧੯੪੭ ਤੋਂ ਪਹਿਲਾਂ ਸਿੱਖ ਰਾਗੀਆਂ ਵੱਲੋਂ 'ਤਿੰਨ ਪਹਿਰੇ' ਅਤੇ 'ਆਸਾ ਦੀ ਵਾਰ' ਦੀਆਂ ਚੌਕੀਆਂ ਨਿਭਾਈਆਂ ਜਾਇਆ ਕਰਦੀਆਂ ਸਨ ਤੇ ਬਾਕੀ ਸਮਾਂ ਸਾਰਾ ਦਿਨ ਰਬਾਬੀ ਸਿੰਘ ਕੀਰਤਨ ਕਰਦੇ ਸਨ। ਵੰਡ ਤੋਂ ਬਾਅਦ ਰਬਾਬੀਆਂ ਦੀ ਘਾਟ ਕਾਰਨ ਹੁਣ ਹਰਿਮੰਦਰ ਸਾਹਿਬ ਵਿੱਚ ਕੇਵਲ ਰਾਗੀ ਜਥੇ ਹੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਭਾਈ ਸੁਰਜਨ ਸਿੰਘ ਰਾਗੀ, ਭਾਈ ਸੰਤਾ ਸਿੰਘ, ਬਾਬਾ ਉਤਮ ਸਿੰਘ, ਸੰਘ ਸੁਜਾਨ ਸਿੰਘ, ਭਾਈ ਗੋਪਾਲ ਸਿੰਘ ਨੇ ਵੀ ਸਿੱਖ ਕੀਰਤਨ ਪਰੰਪਰਾ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਅਤੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਨਿਰਧਾਰਤ ਸੰਗੀਤ ਪ੍ਰਣਾਲੀ ਅਨੁਸਾਰ ਸੰਗਤਾਂ ਨੂੰ ਕੀਰਤਨ ਸਰਵਣ ਕਰਾਇਆ। ਅੱਜ ਵੀ ਪ੍ਰਸਿੱਧ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਅੰਮ੍ਰਿਤਸਰ, ਭਾਈ ਗੁਰਬਚਨ ਸਿੰਘ, ਅਵਤਾਰ ਸਿੰਘ, ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਬਲਜੀਤ ਸਿੰਘ ਨਾਮਧਾਰੀ ਅਤੇ ਹੋਰ ਅਨੇਕਾਂ ਰਾਗੀ ਸਿੰਘ ਗੁਰਮਤਿ ਸੰਗੀਤ ਦੇ ਵਿਕਾਸ ਤੇ ਪਰਸਾਰ ਲਈ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ☬

*'ਪੰਜਾਬੀ ਟ੍ਰਿਬਿਊਨ' ਵਿੱਚੋਂ ਧੰਨਵਾਦ ਸਹਿਤ*

## ਗੁਰਬਾਣੀ ਕੀਰਤਨ ਦੀਆਂ ਨਵੀਆਂ ਕੈਸਟਾਂ

| ਕੈਸਟ ਦਾ ਨਾਮ | ਗਾਇਕ | ਕੰਪਨੀ |
|---|---|---|
| 1. ਦੁਬਿਧਾ ਦੂਰ ਕਰਹੁ (vol.-31) | ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ | ਟੀ-ਸੀਰੀਜ਼ |
| 2. ਜੋ ਹਰਿ ਕਾ ਪਿਆਰਾ | ਸ੍ਰੀ ਦਰਬਾਰ ਸਾਹਿਬ ਹਜ਼ੂਰੀ ਰਾਗੀ ਜਥਾ | ਟੀ-ਸੀਰੀਜ਼ |
| 3. ਪ੍ਰਭ ਕਾ ਸਿਮਰਨ ਸਭ ਤੇ ਉਚਾ (vol.-106) | ਭਾਈ ਹਰਬੰਸ ਸਿੰਘ ਜਗਾਧਰੀ ਵਾਲੇ | ਟੀ-ਸੀਰੀਜ਼ |
| 4. ਕਬੀਰ ਕੂਕਰ ਰਾਮ ਕੋ | ਭਾਈ ਸੁਰਿੰਦਰ ਸਿੰਘ ਜੋਧਪੁਰੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਟੀ-ਸੀਰੀਜ਼ |
| 5. ਪੀਵਹੁ ਪਾਹੁਲ ਖੰਡੇਧਾਰ (vol.-6) | ਭਾਈ ਅਮਰੀਕ ਸਿੰਘ ਤਾਨ | ਟੀ-ਸੀਰੀਜ਼ |
| 6. ਸਤਿਗੁਰ ਪ੍ਰਮੇਸਰ ਮੇਰਾ | ਭਾਈ ਗੁਰਇਕਬਾਲ ਸਿੰਘ | ਟੀ. ਪੀ. ਐਮ. |

ਪੇਸ਼ਕਸ : ਭਾਈ ਅਵਤਾਰ ਸਿੰਘ ਹੰਸ



# THE FREEDOM TO BE THE MASTER OF HIS OWN DESTINY

At IFFCO, we have been making it possible for him since 1967. Today, if we're producing 29 lakh tonnes of fertilisers, tomorrow we'll be the largest producer of fertilisers in the world. Thanks to VISION-2000. Which is all about expanding existing units, setting up grassroot urea production units, increasing the acreage under seed production.

Through the modernisation and expansion of its plants at Aonla, Kalol, Kandla and Phulpur with a total planned outlay of Rs. 3457.49 crore for the 9th plan, it is well on its way to realize VISION 2000.

Going beyond fertiliser production, we're also into seed multiplication programmes, farm forestry projects, farmers service centres, rural development, propagation of balanced use of fertilisers. Besides, we're making rapid strides in growth and development. As also picking up a few awards in the process. All because we want our farmer brethren to breathe the air of confidence. And be the master of his own destiny.

50 YEARS OF FREEDOM

**IFFCO**

INDIAN FARMERS FERTILISER COOPERATIVE LIMITED

34, NEHRU-PLACE, NEW DELHI.

*We build a self-sufficient India, everyday*




**State Marketing Office-Haryana & Delhi**

**IFFCO Complex, Madhya Marg, Sector 28-A, Chandigarh**

# ਅਖੰਡ ਪਾਠ

ਸੋਹਿੰਦਰ ਸਿੰਘ ਵਣਜਾਰਾ ਬੇਦੀ

ਸਿੱਖਾਂ ਦੀ ਧਾਰਮਿਕ ਪੁਸਤਕ ਆਦਿ ਗ੍ਰੰਥ ਦਾ, ਆਦਿ ਤੋਂ ਅੰਤ ਤੱਕ ਬਿਨਾਂ ਬਿਸਰਾਮ ਨਿਰੰਤਰ ਪਾਠ। ਇਹ ਪਾਠ ਅਠਤਾਲੀ ਘੰਟਿਆਂ ਅਥਵਾ ਦੋ ਦਿਨ ਤੇ ਦੋ ਰਾਤਾਂ ਵਿੱਚ ਸੰਪੂਰਨ ਕਰਨ ਦੀ ਪ੍ਰਥਾ ਹੈ। ਪਰੰਪਰਾ ਅਨੁਸਾਰ ਦਿਨ ਦੇ ਜਿਸ ਵੇਲੇ ਪਾਠ ਆਰੰਭ ਕੀਤਾ ਜਾਂਦਾ ਹੈ, ਦੋ ਦਿਨ ਮਗਰੋਂ ਕਰੀਬ ਕਰੀਬ ਉਸੇ ਸਮੇਂ ਭੋਗ ਪਾਇਆ ਜਾਂਦਾ ਹੈ। ਖ਼ੁਸ਼ੀ ਦੇ ਮੌਕੇ ਉੱਤੇ ਇਹ ਪਾਠ ਸਵੇਰੇ ਰੱਖਿਆ ਜਾਂਦਾ ਹੈ, ਪਰ ਮਾਤਮ ਦੇ ਸੰਬੰਧ ਵਿੱਚ ਪਾਠ ਦੁਪਹਿਰ ਉਪਰੰਤ ਰੱਖਣ ਦਾ ਰਵਾਜ ਹੈ। ਉਂਜ ਇਸ ਬਾਰੇ ਪੱਕੀ ਪਰੰਪਰਾ ਕੋਈ ਨਹੀਂ।

ਅਖੰਡ ਪਾਠ ਕਰਨ ਤੋਂ ਪਹਿਲਾਂ ਕੀਰਤਨ ਕੀਤਾ ਜਾਂਦਾ ਹੈ। ਫਿਰ ਅਰਦਾਸਾ ਸੋਧ ਕੇ ਆਦਿ ਗ੍ਰੰਥ ਦਾ ਗੁਰਵਾਕ ਲਿਆ ਜਾਂਦਾ ਹੈ ਅਤੇ ਸੰਗਤ ਤੋਂ ਆਗਿਆ ਲੈ ਕੇ ਇੱਕ ਪਾਠੀ ਪਾਠ ਆਰੰਭ ਕਰਦਾ ਹੈ। ਆਮ ਤੌਰ ਤੇ ਪਾਠੀ ਪੰਜ ਹੁੰਦੇ ਹਨ, ਪਰ ਲੋੜ ਅਤੇ ਮੌਕੇ ਮੁਤਾਬਿਕ ਘਟ ਵਧ ਵੀ ਹੋ ਸਕਦੇ ਹਨ। ਪਾਠੀ ਪਹਿਲਾਂ ਤੋਂ ਮਿਥੀ ਹੋਈ ਤਰਤੀਬ ਨਾਲ ਬਦਲਦੇ ਰਹਿੰਦੇ ਹਨ ਅਤੇ ਹਰ ਪਾਠੀ ਨਿਸਚਤ ਸਮੇਂ ਦੋ ਜਾਂ ਢਾਈ ਘੰਟੇ ਤਕ ਨਿਰੰਤਰ ਪਾਠ ਕਰਦਾ ਹੈ। ਜਦੋਂ ਅਗਲਾ ਪਾਠੀ ਤਾਬੇ ਬੈਠਦਾ ਹੈ ਤਾਂ ਜਿੱਥੋਂ ਪਹਿਲਾ ਪਾਠੀ ਪਾਠ ਛੱਡਦਾ ਹੈ ਉੱਥੋਂ ਹੀ ਦੂਜਾ ਪੜ੍ਹਨਾ ਸ਼ੁਰੂ ਕਰਦਾ ਹੈ, ਇੱਕ ਦੋ ਤੁਕਾਂ ਦੋਵੇ ਰਲ ਕੇ ਪੜ੍ਹਦੇ ਹਨ। ਅਖੰਡ ਪਾਠ ਦੇ ਪਾਠੀ ਲਈ ਸਵੇਰੇ ਕੇਸੀ ਇਸ਼ਨਾਨ ਕਰਨਾ ਵਿਧਾਨ ਹੈ। ਪਾਠ ਦੇ ਦੌਰਾਨ ਉਹ ਕਿਸੇ ਨਾਲ ਕੋਈ ਗੱਲਬਾਤ ਨਹੀਂ ਕਰਦਾ। ਜੇ ਪਾਠੀ ਪਾਠ ਕਰਦਿਆਂ ਗੱਲ ਕਰੇ ਜਾਂ ਕਿਸੇ ਕਾਰਨ-ਵਸ ਪਾਠ ਵਿੱਚੋਂ ਉਕ ਜਾਵੇ ਤਾਂ ਪਾਠ ਖੰਡਤ ਹੋ ਜਾਂਦਾ ਹੈ, ਜੋ ਅਸ਼ੁਭ ਹੈ। ਪ੍ਰਾਸਚਿਤ ਵਜੋਂ ਫਿਰ ਦੋਬਾਰਾ ਆਦਿ ਤੋਂ ਅੰਤ ਤੱਕ ਪਾਠ ਆਰੰਭ ਕੀਤਾ ਜਾਂਦਾ ਹੈ।

ਅਖੰਡ ਪਾਠ ਦੇ ਦੌਰਾਨ ਅਖੰਡ ਜੋਤ ਜਗਾਣ ਦੀ ਮਰਯਾਦਾ ਹੈ। ਇੱਕ ਜਲ ਦੇ ਭਰੇ ਹੋਏ ਕੁੰਭ ਉੱਤੇ ਦੀਵੇ ਵਿੱਚ ਘਿਉ ਨਾਲ ਜੋਤ ਜਗਾਈ ਜਾਂਦੀ ਹੈ। ਕੋਲ ਹੀ ਇੱਕ ਨਾਰੀਅਲ ਰੱਖਿਆ ਜਾਂਦਾ ਹੈ। ਅਸਵਾਰਾ ਸਾਹਿਬ ਦੀ ਪੀੜ੍ਹੀ ਹੇਠ ਇੱਕ ਭਾਂਡੇ ਵਿੱਚ ਜਲ ਭਰ ਕੇ ਧਰਿਆ ਜਾਂਦਾ ਹੈ। ਇਸ ਜਲ ਨੂੰ 'ਅੰਮ੍ਰਿਤ' ਕਹਿੰਦੇ ਹਨ। (ਕਈ ਇਸ ਨੂੰ ਗੁਰਮਤ ਅਨੁਸਾਰ ਨਹੀਂ ਮੰਨਦੇ ਸੰ.)

ਅਖੰਡ ਪਾਠ ਦੇ ਭੋਗ ਉਪਰੰਤ 'ਆਰਤੀ' ਪੜ੍ਹਨ ਦਾ ਰਵਾਜ ਪੈ ਗਿਆ ਹੈ। 'ਗਗਨ ਮੈ ਥਾਲ' ਤੇ 'ਗੋਪਾਲ ਤੇਰਾ ਆਰਤਾ' ਆਦਿ ਸ਼ਬਦ ਆਰਤੀ ਦੀ ਵਿਸ਼ੇਸ਼ ਧਾਰਨਾ ਵਿੱਚ ਗਾਏ ਜਾਂਦੇ ਹਨ ਤੇ ਅਖੀਰਲੇ ਬੰਦਾਂ ਉੱਤੇ ਫੁੱਲਾਂ ਦੀ ਬਰਖਾ ਵੀ ਕੀਤੀ ਜਾਂਦੀ ਹੈ। ਕਈ ਸ਼ਰਧਾਲੂ ਥਾਲ ਵਿੱਚ ਪੰਜ ਜੋਤਾਂ ਜਗਾ ਕੇ ਆਦਿ ਗ੍ਰੰਥ ਦੀ 'ਆਰਤੀ' ਵੀ ਉਤਾਰਦੇ ਹਨ। ਆਰਤੀ ਤੋਂ ਬਾਅਦ ਕੀਰਤਨ ਕਰ ਕੇ ਅਰਦਾਸਾ ਕੀਤਾ ਜਾਂਦਾ ਹੈ।

ਅਖੰਡ ਪਾਠ ਦੀ ਇੱਕ ਕਿਸਮ 'ਅਤਿ ਅਖੰਡ ਪਾਠ' ਹੈ, ਜਿਸ ਵਿੱਚ ਇੱਕੋ ਗ੍ਰੰਥੀ ਸ਼ੁਰੂ ਤੋਂ ਅਖ਼ੀਰ ਤੱਕ ਸਾਰਾ ਪਾਠ ਕਰਦਾ ਹੈ। ਪਰ ਇਹ ਪਾਠ ਬਹੁਤ ਕਠਿਨ ਹੈ। ਸੋ ਇਸ ਦਾ ਆਮ ਰਵਾਜ ਨਹੀਂ। ਅਖੰਡ ਪਾਠ ਦੀ ਇੱਕ ਹੋਰ ਕਿਸਮ 'ਸੰਪਟ ਪਾਠ' ਹੈ, ਜਿਸ ਵਿੱਚ ਆਦਿ ਗ੍ਰੰਥ ਦੇ ਹਰ ਸ਼ਬਦ ਮਗਰੋਂ ਆਦਿ ਗ੍ਰੰਥ ਵਿੱਚੋਂ ਚੁਣੇ ਕਿਸੇ ਵਿਸ਼ੇਸ਼ ਸ਼ਬਦ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ। 'ਸਪਤਾਹਕ ਪਾਠ' ਨੂੰ ਇੱਕੋ ਪਾਠੀ ਸਤ ਦਿਨਾਂ ਵਿੱਚ ਪੂਰਾ ਕਰਦਾ ਹੈ।

ਗੁਰਮਤਿ ਸੁਧਾਰਕ (ਪੰਨਾ 306) ਅਨੁਸਾਰ ਅਖੰਡ ਪਾਠ ਦੀ ਮਰਯਾਦਾ ਪੰਥ ਵਿੱਚ ਬੁਢੇ ਦਲ ਨੇ ਤੋਰੀ। ਗੁਰੂ ਸਾਹਿਬਾਨ ਦੇ ਸਮੇਂ ਅਖੰਡ ਪਾਠ ਦੀ ਰੀਤ ਪ੍ਰਚਲਤ ਨਹੀਂ ਸੀ।

*(ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ)*

**PAGE SPONSORED BY : AHUJA FAMILY**
C-353, Defence Colony New Delhi 110 024 Phone: 011 - 4620485

# ਪੁਸਤਕ ਸਮੀਖਿਆ


## ਡਾ. ਗੁਰਮੀਤ ਸਿੰਘ ਬੈਦਵਾਣ ★



**ਪੁਸਤਕ** : ਬਾਣੀ ਭਗਤ ਰਵਿਦਾਸ ਇੱਕ ਵਿਵੇਚਨ **ਸੰਪਾਦਕ** : ਡਾ. ਬਲਦੇਵ ਸਿੰਘ 'ਬੱਦਨ'
**ਪੰਨੇ** : 232 **ਕੀਮਤ** : 250 ਰੁਪਏ **ਪ੍ਰਕਾਸ਼ਕ** : ਬਾਲਾ ਜੀ ਆਫਸੈੱਟ, ਨਵੀਨ ਸ਼ਾਹਦਰਾ ਦਿੱਲੀ 110 032


ਜਦੋਂ ਕਿਸੇ ਸਮੇਂ ਵਿੱਚ ਅਰਾਜਕਤਾ ਫੈਲਦੀ ਹੈ, ਵਿਕਾਰ ਗ੍ਰਸਤ ਹੋ ਜਾਂਦਾ ਹੈ ਸਮਾਜ, ਤਾਂ ਅਜਿਹੇ ਸਮਿਆਂ ਵਿੱਚ ਕੋਈ ਯੋਧਾ, ਪਰਉਪਕਾਰੀ, ਪ੍ਰਭੂ ਦਾ ਪਿਆਰਾ, ਲੋਕ ਨਾਇਕ, ਬੰਧਨਾਂ ਦੀਆਂ ਜੰਜੀਰਾਂ ਤੋੜ, ਮਧੋਲੇ ਜਾ ਰਹੇ ਫੁੱਲਾਂ ਦੀ ਬਗੀਚੀ ਵਿੱਚ ਇੱਕ ਸੁਗੰਧੀ ਵਾਂਗ ਆ ਸ਼ਾਮਿਲ ਹੁੰਦਾ ਹੈ ਤਾਂ ਕਿ ਹੋਰ ਨਾ ਹੋਵੇ ਉਜਾੜਾ, ਮਰਹਮ ਮਿਲੇ ਅੱਲੇ ਜਖਮਾਂ ਨੂੰ, ਇਲਾਜ ਹੋਵੇ ਮਨੋਰੋਗਾਂ ਦਾ। ਭਗਤ ਰਵਿਦਾਸ ਜੀ ਦਾ ਆਗਮਨ ਅਜਿਹੀ ਹੀ ਇੱਕ ਸਮਾਜਕ ਦਸ਼ਾ ਦੇ ਪਰਿਵਰਤਨ ਵੱਲ ਮੁਬਾਰਕ ਕਦਮ ਹੈ।

ਭਗਤ ਰਵਿਦਾਸ ਵਰਗੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨ ਤੋਂ ਇਲਾਵਾ ਅਜੋਕੇ ਸਮਿਆਂ ਵਿੱਚ ਵੀ ਮੁੜ-ਮੁੜ ਵਿਚਾਰਿਆ ਘੋਖਿਆ ਜਾ ਰਿਹਾ ਹੈ ਤਾਂ ਕਿ ਅਸੀਂ ਮੁੜ ਆਪੇ ਦੀ ਪੜਚੋਲ ਕਰ ਸਕੀਏ ਕਿ ਅਸੀਂ ਕਿੰਨੀ ਕੁ ਕੀਮਤ ਪਾਈ ਹੈ ਇਹਨਾਂ ਅਨਮੋਲ ਰਤਨਾਂ ਦੀ। ਹਥਲੀ ਪੁਸਤਕ 'ਬਾਣੀ ਭਗਤ ਰਵਿਦਾਸ ਇੱਕ ਵਿਵੇਚਨ' ਡਾ. ਬਲਦੇਵ ਸਿੰਘ 'ਬੱਦਨ' ਦਾ ਅਜਿਹੇ ਵਿਸ਼ਲੇਸ਼ਣਾਂ ਲਈ ਇੱਕ ਵਡਮੁੱਲਾ ਯਤਨ ਹੈ। ਪੁਸਤਕ ਵਿੱਚ ਪ੍ਰਕਾਸ਼ਿਤ ਕੁੱਝ ਲੇਖਾਂ ਨੂੰ ਗੁਰੂ ਰਵਿਦਾਸ ਸਾਹਿਤ ਅਕਾਦਮੀ ਵਲੋਂ ਪ੍ਰਕਾਸ਼ਿਤ ਸੋਵੀਨਰ 'ਰਵਿਦਾਸ' ਵਿੱਚ ਮੈਂ ਪਹਿਲਾਂ ਵੀ ਪੜ੍ਹ ਚੁੱਕਾ ਹਾਂ। ਇਸ ਪੁਸਤਕ ਦੇ ਸੰਪਾਦਕ ਡਾ. ਬਲਦੇਵ ਸਿੰਘ 'ਬੱਦਨ' ਪੰਜਾਬੀ ਆਦਾਨ ਪ੍ਰਦਾਨ, ਨੈਸ਼ਨਲ ਬੁੱਕ ਟਰੱਸਟ, ਇੰਡੀਆ ਨਵੀਂ ਦਿੱਲੀ ਵਿਖੇ ਸੰਪਾਦਕ ਦੇ ਅਹੁਦੇ ਤੇ ਸੇਵਾ ਕਰਦੇ ਹੋਏ ਨਰੋਈਆਂ ਕਦਰਾਂ ਕੀਮਤਾਂ ਵਾਲੇ ਸਾਹਿਤ ਦੇ ਆਦਾਨ ਪ੍ਰਦਾਨ ਲਈ ਵੱਚਨਬੱਧ ਹਨ। ਇਸ ਪੁਸਤਕ ਵਿੱਚ ਸੰਪਾਦਕ ਨੇ ਆਪਣੀ ਰਾਇ ਤੋਂ ਇਲਾਵਾ 33 ਵਿਦਵਾਨਾਂ ਦੇ 36 ਖੋਜ ਪੱਤਰ ਸ਼ਾਮਿਲ ਕੀਤੇ ਹਨ। ਸਮੁੱਚੀ ਪੁਸਤਕ ਵਿੱਚੋਂ ਭਗਤ ਰਵਿਦਾਸ ਜੀ ਬਾਰੇ ਵਿਸ਼ਾਲ ਜਾਣਕਾਰੀ ਮਿਲਦੀ ਹੈ।

ਪੁਸਤਕ ਦੇ ਪਹਿਲੇ ਲੇਖ ਵਿੱਚ ਪ੍ਰੋ. ਸਾਹਿਬ ਸਿੰਘ ਨੇ ਜੋ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ ਉਹਨਾਂ ਦੀ ਪੜਚੋਲ ਵਿੱਚੋਂ ਇੱਕ ਗੱਲ ਸਮਝ ਪੈਂਦੀ ਹੈ ਕਿ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਭਾਵੇਂ ਕਿੰਨੇ ਵੀ ਪ੍ਰਤੀਕ ਤੇ ਪ੍ਰਸੰਗ ਵਰਤੋਂ ਵਿੱਚ ਲਿਆਂਦੇ ਹੋਣ ਉਹਨਾਂ ਦੇ ਇਸ਼ਟ ਦਾ ਕੇਂਦਰ ਕ੍ਰਿਤ ਤੇ ਆਧਾਰਿਤ ਰਹਿੰਦਾ ਹੈ। ਇਸੇ ਤਰ੍ਹਾਂ ਭਾਈ ਜੋਧ ਸਿੰਘ ਅਨੁਸਾਰ ਭਗਤ ਜੀ ਦੀ ਚਿੰਤਨ ਦ੍ਰਿਸ਼ਟੀ ਵਿੱਚ ਪ੍ਰਭੂ ਦੀ ਨਿਕਟਤਾ ਹਰ ਥਾਂ ਵਿਦਮਾਨ ਹੋਈ ਪਈ ਹੈ। ਅਸਲ ਵਿੱਚ ਭਗਤ ਜੀ ਸਮੁੱਚੀ ਸ੍ਰਿਸ਼ਟੀ ਦੇ ਬੁਲਾਰੇ ਸਨ ਨਾ ਕਿ ਕਿਸੇ ਖਾਸ ਵਰਗ ਜਾਂ ਕਬੀਲੇ ਦੇ। ਡਾ. ਕੁਲਵੰਤ ਕੌਰ, ਡਾ. ਕ੍ਰਿਸ਼ਨਾ ਕਲਸੀਆ ਅਤੇ ਡਾ. ਧਰਮਜੀਤ ਸਿੰਘ ਨੇ ਰਵਿਦਾਸ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਬਾਰੇ ਚਾਨਣਾ ਪਾਉਂਦਿਆ ਕਿਹਾ ਹੈ ਕਿ ਭਗਤ ਜੀ ਨੇ ਉਸ ਸਮੇਂ ਤੱਕ ਸਥਾਪਤ ਹੋ ਚੁੱਕੇ ਦਰਸ਼ਨ ਸ਼ਾਸਤਰ ਅਧੀਨ ਹੀ ਪ੍ਰਭੂ ਮਿਲਾਪ ਵਾਲੀ ਵਿਚਾਰਧਾਰਾ ਨੂੰ ਪ੍ਰਸਤੁਤ ਕੀਤਾ ਹੈ। ਪਰ ਇਸ ਪ੍ਰਸਤੁਤੀ ਵਿੱਚ ਤਾਂ ਮਨੁੱਖ ਮਾਠ ਦੇ ਧੁਰ ਅੰਦਰ ਤੱਕ ਅਸਰ ਅੰਦਾਜ਼ ਹੋਣ ਵਾਲੀਆਂ ਜੁਗਤਾਂ ਵਿਦਮਾਨ ਹੋਈਆਂ ਪਈਆਂ ਹਨ। ਇਸੇ ਕਰਕੇ ਤਾਂ ਰਵਿਦਾਸ ਜੀ ਪਹਿਲੇ ਸਾਰਿਆਂ ਨਾਲੋਂ ਜ਼ਿਆਦਾ ਸਾਡੀ ਵਿਚਾਰ ਦੇ ਪਾਤਰ ਬਣੇ ਹਨ। ਇਸੇ ਪ੍ਰਸੰਗ ਵਿੱਚ ਡਾ. ਰਤਨ ਸਿੰਘ ਜੱਗੀ ਦਾ ਇਹ ਵਿਚਾਰ ਯੋਗ ਜਾਪਦਾ ਹੈ ਕਿ ਭਗਤ ਜੀ ਦਾ ਜੀਵਨ ਮਨੋਰਥ ਲੋਕ ਸੱਚ ਨੂੰ ਸਾਹਮਣੇ ਲਿਆਉਣਾ ਸੀ।

ਡਾ. ਜਸਬੀਰ ਸਿੰਘ ਸਾਬਰ ਦਾ ਵਿਚਾਰ ਹੈ ਕਿ ਭਗਤ ਰਵਿਦਾਸ ਨੇ ਜਗਤ ਦੀ ਉਤਪਤੀ ਬਾਰੇ ਕੋਈ ਵੱਖਰਾ ਦ੍ਰਿਸ਼ਟੀ ਕੋਣ ਪੇਸ਼ ਨਹੀਂ ਕੀਤਾ ਸਗੋਂ ਸਮੁੱਚੀ ਗੁਰਬਾਣੀ ਵਾਲੀ ਹੀ ਵਿਚਾਰਧਾਰਾ ਪੇਸ਼ ਕੀਤੀ ਹੈ। ਗੁਰਬਾਣੀ ਤੋਂ ਵੱਖਰਾ ਜੇ ਕੋਈ ਸੱਚ ਹੁੰਦਾ ਤਾਂ ਭਗਤ ਜੀ ਜ਼ਰੂਰ ਪੇਸ਼ ਕਰਦੇ। ਅਜਿਹੇ ਕਥਨਾਂ ਦੀ ਪੁਸ਼ਟੀ ਹਿਤ ਇਹ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਉਹ ਕੁਝ ਹੀ ਸ਼ਾਮਿਲ ਨਹੀਂ ਕੀਤਾ ਜੋ ਗੁਰਬਾਣੀ ਦੇ ਅਨੁਸਾਰ ਸੀ ਸਗੋਂ ਉਹਨਾਂ ਤਾਂ ਜੋ ਜੋ ਸਮਿਆਂ ਦਾ ਸੱਚ ਸੀ ਉਸ ਨੂੰ ਚੁਣਿਆ। ਪੁਸਤਕ ਵਿਚਲਾ 'ਦਲਿਤ ਦਾ ਪ੍ਰਵਚਨ' ਡਾ. ਤਰਲੋਕ ਸਿੰਘ ਕੰਵਰ ਦਾ ਬੌਧਿਕਤਾ ਭਰਪੂਰ ਲੇਖ ਇਸ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਇੱਕ ਦਲਿਤ ਹੋਣ ਦੇ ਨਾਤੇ


★ ਪਿੰਡ ਬਾਸੀਆਂ ਬੈਦਵਾਣ ਡਾ. ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)

ਭਗਤ ਰਵਿਦਾਸ ਸੋਲਾਂ ਕਲਾਂ ਸੰਪੂਰਨ ਪ੍ਰਭੂ ਨੂੰ ਪਾਉਣ ਲਈ ਤਰਲਾ ਨਹੀਂ ਕਰ ਰਹੇ ਸਗੋਂ ਉਨ੍ਹਾਂ ਨੇ ਤਾਂ 'ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ' ਭਾਵ ਮਨੁੱਖ ਤੇ ਪ੍ਰਭੂ ਵਿਚਲੀ ਵਿੱਥ ਸਮਾਪਤ ਕਰ ਲਈ ਹੈ। ਇਸ ਦੇ ਉਲਟ ਅਜੋਕਾ ਮਨੁੱਖ ਅਜਿਹੀ ਵਿੱਥ ਦੀ ਸਥਾਪਤੀ ਵੱਲ ਰੁਚਿਤ ਹੈ। ਅਜੋਕੇ ਮਨੁੱਖ ਦੀ ਪ੍ਰਵਿਰਤੀ ਚਿਕਣੇ-ਚੋਪੜੇ ਪਦਾਰਥਾਂ ਦੀ ਜਕੜ ਵਿੱਚ ਇੰਨੀ ਚਿੱਕਣੀ ਹੋ ਗਈ ਹੈ ਸਾਡੇ ਗਿਆਨ ਦੀ ਕਸੌਟੀ ਖੋਜ ਦੇ ਮਾਰਗ ਤੋਂ ਤਿਲਕ ਤਿਲਕ ਪੈਂਦੀ ਹੈ ਤੇ 'ਵਿੱਥ' ਨਿੱਤ ਦਿਹਾੜੇ ਵਧਦੀ ਹੀ ਜਾਂਦੀ ਹੈ। ਜਾਤਪਾਤ ਦੇ ਪ੍ਰਸੰਗ ਵਿੱਚ ਡਾ. ਕੰਵਰ ਅਤੇ ਡਾ. ਅਵਤਾਰ ਸਿੰਘ ਈਸੇਵਾਲ ਨੇ ਭਗਤ ਰਵਿਦਾਸ ਜੀ ਦੀ ਅਧਿਆਤਮਕ ਪਹੁੰਚ ਨੂੰ ਕ੍ਰਾਂਤੀਕਾਰੀ ਕਦਮ ਦੱਸਿਆ ਹੈ ਜਦੋਂ ਕਿ ਇਸ ਦੇ ਮੁਕਾਬਲੇ ਭਗਤ ਕਬੀਰ ਜੀ ਦੀ ਬਾਣੀ ਰਵਿਦਾਸ ਜੀ ਦੀ ਬਾਣੀ ਤੋਂ ਵਧੇਰੇ ਤਿੱਖੀ ਸੁਰ ਵਾਲੀ ਬਾਣੀ ਵੀ ਉਹਨਾਂ ਦੀ ਹੀ ਮਿਲਦੀ ਹੈ। ਪ੍ਰੋ. ਦੀਵਾਨ ਸਿੰਘ ਨੇ ਭਗਤ ਜੀ ਦਾ ਫਾਰਮੂਲਾ ਹੱਥ ਕਾਰ ਵੱਲ, ਚਿੱਤ ਕਾਰ ਵੱਲ ਵਾਲਾ ਦੱਸਿਆ ਹੈ। ਇਸ ਫਾਰਮੂਲੇ ਦੀ ਪ੍ਰੋੜਤਾ ਸ. ਸ. ਅਮੋਲ ਵੀ ਕਰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਭਗਤ ਜੀ ਨੇ ਕਿਰਤੀ ਵਰਗ ਦਾ ਨਾਂ ਉੱਚ ਕੁਲਾਂ ਵਿੱਚ ਦਰਜ ਕਰਵਾਇਆ ਹੈ। ਨਾਮ ਤੇ ਕਿਰਤ ਦੇ ਸੁਮੇਲ ਵਿੱਚੋਂ ਉਪਜੀ ਅਗੰਮੀ ਸੋਚ ਨੇ ਨਾਮ ਵਿਹੂਣੇ ਵਿਹਲੜ ਚੌਧਰੀਆਂ ਨੂੰ ਭਾਜੜਾਂ ਪਾ ਦਿੱਤੀਆਂ।

ਪੁਸਤਕ ਵਿੱਚ ਜਿੱਥੇ ਡਾ. ਵਜ਼ੀਰ ਸਿੰਘ ਨੇ ਭਗਤ ਰਵਿਦਾਸ ਅਤੇ ਸ਼ੇਖ਼-ਫਰੀਦ ਵਿੱਚ ਉਹਨਾਂ ਦੀ ਬਾਣੀ ਦੇ ਆਧਾਰ ਤੇ ਉਹਨਾਂ ਵਿੱਚ ਸਾਂਝ ਸਥਾਪਤ ਕਰਨ ਦਾ ਯਤਨ ਕੀਤਾ ਹੈ ਉੱਥੇ ਡਾ. ਹਰਬੰਸ ਸਿੰਘ ਚਾਵਲਾ ਨੇ ਰਵਿਦਾਸ ਜੀ ਦੀ ਬਾਣੀ ਵਿੱਚੋਂ ਪ੍ਰਾਪਤ ਪ੍ਰਮੁੱਖ ਵਿਸ਼ਿਆਂ ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਭਗਤ ਬਾਣੀ ਦੀ ਸਾਂਝ ਹੋਵੇ ਭਾਵੇਂ ਇਸ ਬਾਣੀ ਦੇ ਵਿਸ਼ਿਆਂ ਦੀ ਪੜਚੋਲ ਹੋਵੇ ਇਹ ਸਾਰਾ ਕੁਝ ਭਗਤਾਂ ਦੀ ਪ੍ਰਮਾਤਮਾ ਨਾਲ ਇਕਮੁਰਤਾ ਨੂੰ ਪ੍ਰਗਟਾਉਣ ਦਾ ਹੀ ਤਰੀਕਾ ਹੁੰਦਾ ਹੈ। ਜਿਸ ਵਿੱਚੋਂ ਸਮਾਜ ਦੇ ਆਮ ਲੋਕ ਵੀ ਭਗਤਾਂ ਦੀ ਤਰਜ਼ੇ-ਜ਼ਿੰਦਗੀ ਦੇ ਆਧਾਰ ਤੇ ਆਪਣੀ ਜ਼ਿੰਦਗੀ ਦੇ ਉਸਾਰ ਲਈ ਕੁਝ ਨਾ ਕੁਝ ਲੱਭ ਲੈਂਦੇ ਹਨ ਉਨਾ ਭਾਵੇਂ ਨਹੀਂ ਜਿੰਨਾ ਭਗਤਾਂ ਨੂੰ ਪ੍ਰਾਪਤ ਹੋਇਆ ਹੈ। ਜਿਵੇਂ ਕਿ ਇਸ ਪੁਸਤਕ ਵਿੱਚ ਇੱਕ ਲੇਖਕ ਡਾ. ਕੁਲਦੀਪ ਸਿੰਘ ਨੇ ਕਿਹਾ ਹੈ ਕਿ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਲੋਕ ਸਮਾਨਤਾ ਦੀ ਕੇਵਲ ਗੱਲ ਹੀ ਨਹੀਂ ਕੀਤੀ ਸਗੋਂ ਆਮ ਲੋਕਾਂ ਦੀ ਤਰੱਕੀ ਲਈ ਸਫਲ ਉਪਰਾਲਾ ਕੀਤਾ ਹੈ।

ਭਗਤ ਰਵਿਦਾਸ ਜੀ ਦੀ ਸਮੁੱਚੀ ਬਾਣੀ ਮਨੁੱਖ ਦੇ ਕਲਿਆਣਕਾਰੀ ਮਾਰਗਾਂ ਦੀ ਭਾਲ ਦਾ ਇੱਕ ਦਿਸ਼ਾ ਸੂਚਕ ਹੈ। ਇਹ ਫੋਕੇ ਕਰਮਕਾਂਡਾਂ ਤੋਂ ਮੁਕਤੀ ਦਿਵਾਉਣ ਦੀ ਤਾਕਤ ਰੱਖਦੀ ਹੈ। ਡਾ. ਸਾਹਿਬ ਸਿੰਘ ਅਰਸੀ ਇਸ ਨੂੰ ਕਲਿਆਣਕਾਰੀ ਸਮਾਜ ਦੀ ਸਿਰਜਣਾ ਦੇ ਪ੍ਰਤੀਕ ਦੱਸਦੇ ਹਨ। ਇਸੇ ਪ੍ਰਸੰਗ ਵਿੱਚ ਡਾ. ਹਰਨੇਕ ਸਿੰਘ ਕਲੇਰ ਨੇ 'ਨੈਤਿਕਤਾ ਦੇ ਸੰਕਲਪ' ਅਧੀਨ ਵਿਸ਼ੇ ਵਿੱਚ ਬੜੇ ਪਤੇ ਦੀ ਗੱਲ ਕੀਤੀ ਹੈ ਕਿ ਰਵਿਦਾਸ ਜੀ ਦੀ ਬਾਣੀ ਵਿੱਚ ਜੋ ਨੈਤਿਕਤਾ ਦਾ ਪਾਠ ਦ੍ਰਿੜਾਇਆ ਗਿਆ ਹੈ ਉਹ ਆਦਰਸ਼ ਮਨੁੱਖ ਦੀ ਸਿਰਜਣਾ ਦਾ ਪ੍ਰਤੀਕ ਹੈ। ਲੇਖਕ ਦਾ ਕਹਿਣਾ ਹੈ ਕਿ ਜੇ ਹਰੇਕ ਵਿਅਕਤੀ ਨਿੱਜੀ ਤੌਰ ਤੇ ਅਜਿਹੀ ਨੈਤਿਕਤਾ ਗ੍ਰਹਿਣ ਕਰੇ ਤਾਂ ਹੀ ਕਲਿਆਣਕਾਰੀ ਸਮਾਜ ਦੀ ਸਥਾਪਨਾ ਸੰਭਵ ਹੋ ਸਕਦੀ ਹੈ। ਇਸੇ ਤਰ੍ਹਾਂ ਬਾਬਾ ਸਰਬਜੋਤ ਸਿੰਘ ਊਨਾ ਸਾਹਿਬ ਵਾਲਿਆਂ ਨੇ ਵੀ ਇਸ ਵਿਚਾਰ ਦੇ ਮਹਾਤਮ ਨੂੰ ਅਜੋਕੇ ਸਮਾਜ ਦੇ ਕਲਿਆਣ ਲਈ ਜਾਗ੍ਰਤੀ ਭਰਪੂਰ ਅਤੇ ਕਰਤਾਰੀ ਪ੍ਰਭਿਤਾ ਦੀ ਸਿਰਜਨਾ ਪੈਦਾ ਕਰਨ ਵਾਲਾ ਦੱਸਿਆ ਹੈ।

ਇਸ ਪੁਸਤਕ ਦੇ ਕਈ ਲੇਖਾਂ ਵਿੱਚ ਨਵੇਕਲੀ ਕਿਸਮ ਦਾ ਵਿਚਾਰ ਵਿਟਾਂਦਰਾ ਹੋਇਆ ਮਿਲਦਾ ਹੈ। ਜਿਵੇਂ ਪ੍ਰਿੰਸੀਪਲ ਲਾਭ ਸਿੰਘ ਨੇ ਭਗਤ ਰਵਿਦਾਸ ਜੀ ਨੂੰ ਵਿਸ਼ਨੂੰ ਦਾ ਭਗਤ ਹੋਣ ਵਾਲੀ ਰਾਜਿੰਦਰ ਸਿੰਘ ਨਿਰਾਲਾ ਦੀ ਰਾਇ ਨੂੰ ਗੁਰਬਾਣੀ ਵਿੱਚੋਂ ਅਨੇਕਾਂ ਪ੍ਰਮਾਣ ਦੇ ਕੇ ਅਸਲੀਅਤ ਤੋਂ ਦੂਰ ਦੱਸਿਆ ਹੈ। ਗੱਲ ਹੈ ਵੀ ਠੀਕ ਕਿਉਂਕਿ ਭਗਤ ਜਨ ਤਾਂ ਦੇਵੀ ਦੇਵਤਿਆਂ ਤੋਂ ਉਪਰਲੇ ਦਰਜੇ ਤੇ ਬਿਰਾਜਮਾਨ ਰਹਿੰਦੇ ਹਨ। ਅਗਮ ਅਗੋਚਰ ਤੇ ਬੇਗਮਪੁਰੇ ਦੇ ਵਾਸੀਆਂ ਨੇ ਦੁਨੀਆਂ ਦੇ ਖਲਜਗਣ ਵਿੱਚੋਂ ਕੁਝ ਲੈਣਾ ਦੇਣਾ ਨਹੀਂ ਹੁੰਦਾ। ਇਸ ਪੁਸਤਕ ਵਿੱਚ ਇੱਕ ਲੇਖਕ ਪ੍ਰੋ. ਇੰਦਰ ਸਿੰਘ ਘੱਗਾ ਨੇ ਰਵਿਦਾਸ ਦੇ ਬੇਗਮਪੁਰੇ ਤੇ ਵਿਚਾਰ ਕਰਦਿਆਂ ਕੁਝ ਚੌਧਰੀ ਲੋਕਾਂ ਦੇ ਮਨੁੱਖਤਾ ਪ੍ਰਤੀ ਘਟੀਆ ਵਰਤਾਰੇ ਦੀ ਜਾਣਕਾਰੀ ਦਿੰਦਿਆਂ ਅਜਿਹੀਆਂ ਘਿਨੌਣੀਆਂ ਹਰਕਤਾਂ ਦੀ ਬੇਗਮਪੁਰਾ ਵਾਲੇ ਸ਼ਬਦ ਵਿੱਚ ਪ੍ਰਭੂ ਤੱਕ ਆਵਾਜ਼ ਪਹੁੰਚਾਈ ਹੈ। ਇਹ ਅਜਿਹੀ ਹੀ ਹੂਕ ਹੈ ਜੋ ਗੁਰੂ ਨਾਨਕ ਦੇਵ ਜੀ ਨੇ 'ਤੈਂ ਕੀ ਦਰਦ ਨਾ ਆਇਆ' ਕਹਿ ਕੇ ਪ੍ਰਗਟਾਈ। ਇਸੇ ਪ੍ਰਸੰਗ ਵਿੱਚ ਗੁਰਦੇਵ ਸਿੰਘ ਲਲਤੋਂ ਦਾ ਲੇਖ ਵੀ ਵਿਚਾਰਨ ਯੋਗ ਹੈ। ਉਹਨਾਂ ਨੇ ਭਗਤ ਜੀ ਨੂੰ ਬੇਗਮਪੁਰੇ ਦੇ ਵਾਸੀ

ਹੀ ਦੱਸਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਜਦੋਂ ਅੰਦਰ ਵਸੇ ਬੇਗਮਪੁਰੇ ਦੀ ਮਹਿਕ ਬਾਹਰ ਫੈਲੀ ਤਾਂ ਰਾਜੇ ਤੇ ਰਾਣੀਆਂ ਵੀ ਭਗਤ ਜੀ ਦੇ ਸ਼ਰਧਾਲੂ ਬਣ ਗਏ।

